2-OCT-PAGE-1.qxd full page.qxd 10/1/2023 8:26 PM Page 1

ਸੋਮਵਾਰ, 2 ਅਕਤੂਬਰ, 2023
16 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 122

# ਨਵਾਂ ਜ਼ਮਾਨਾ

DAILY NAWAN ZAMANA • MONDAY, 2 OCTOBER, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

GOVT. OF PUNJAB

# ਸਿਹਤਮੰਦ ਪੰਜਾਬ

## ਦੀ ਸ਼ੁਰੂਆਤ



# 550 ਕਰੋੜ ਰੁਪਏ

## ਦੀ ਲਾਗਤ ਨਾਲ

# ਸਰਕਾਰੀ ਹਸਪਤਾਲਾਂ ਦਾ ਨਵੀਨੀਕਰਨ

ਮੁੱਖ ਮਹਿਮਾਨ

**ਸ਼੍ਰੀ ਅਰਵਿੰਦ ਕੇਜਰੀਵਾਲ**
ਮੁੱਖ ਮੰਤਰੀ, ਦਿੱਲੀ

02 ਅਕਤੂਬਰ, 2023 | ਬਾਅਦ ਦੁਪਹਿਰ 3:00 ਵਜੇ
ਨਿਊ ਪੋਲੋ ਗਰਾਊਂਡ (ਪਟਿਆਲਾ ਐਵੀਏਸ਼ਨ ਕਲੱਬ),
ਸੰਗਰੂਰ ਰੋਡ, ਪਟਿਆਲਾ



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ

2-OCT-PAGE-1.qxd 10/1/2023 8:29 PM Page 1


ਸੋਮਵਾਰ, 2 ਅਕਤੂਬਰ, 2023

16 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 122

# ਨਵਾਂ ਜ਼ਮਾਨਾ

DAILY NAWAN ZAMANA • MONDAY, 2 OCTOBER, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ


| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12


## 300 ਕਰੋੜ ਦੀ ਕੋਕੀਨ ਫੜੀ

### ਜਲੰਧਰ ਦਾ ਸਰਬਜੀਤ ਤੇ ਫਗਵਾੜੇ ਦਾ ਹਨੀ ਬਸਰਾ ਰਾਮਬਨ 'ਚ ਗ੍ਰਿਫ਼ਤਾਰ



**ਜੰਮੂ** : ਰਾਮਬਨ ਜ਼ਿਲ੍ਹੇ 'ਚ ਇਕ ਵਾਹਨ 'ਚੋਂ ਪੁਲਸ ਨੇ 30 ਕਿੱਲੋ ਕੋਕੀਨ ਬਰਾਮਦ ਕੀਤੀ, ਜਿਸ ਦੀ ਕੌਮਾਂਤਰੀ ਬਾਜ਼ਾਰ 'ਚ ਕੀਮਤ 300 ਕਰੋੜ ਰੁਪਏ ਹੈ। ਇਸ ਸੰਬੰਧ ਵਿੱਚ ਪੁਲਸ ਨੇ ਪੰਜਾਬ ਦੇ ਦੋ ਵਸਨੀਕਾਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਦੀ ਪਛਾਣ ਜਲੰਧਰ ਦੇ ਰਹਿਣ ਵਾਲੇ ਸਰਬਜੀਤ ਸਿੰਘ ਅਤੇ ਫਗਵਾੜਾ ਦੇ ਰਹਿਣ ਵਾਲੇ ਹਨੀ ਬਸਰਾ ਵਜੋਂ ਹੋਈ ਹੈ।

ਇਕ ਸੀਨੀਅਰ ਪੁਲਸ ਅਧਿਕਾਰੀ ਨੇ ਇਸ ਗ੍ਰਿਫ਼ਤਾਰੀ ਨਾਲ ਨਸ਼ਿਆਂ ਦੇ ਅੱਤਵਾਦ 'ਚ ਸ਼ਾਮਲ ਗਰੋਹ ਦਾ ਪਰਦਾ ਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਸਨਿੱਚਰਵਾਰ ਰਾਤ ਨੂੰ ਹੋਈ ਇਹ ਬਰਾਮਦਗੀ ਜੰਮੂ-ਸ੍ਰੀਨਗਰ ਕੌਮੀ ਮਾਰਗ ਦੇ ਨਾਲ ਲੱਗਦੇ ਬਨੀਹਾਲ ਖੇਤਰ 'ਚੋਂ ਕੀਤੀ ਗਈ ਤੇ ਇਸ ਸਾਲ ਦੀ ਸਭ ਤੋਂ ਵੱਡੀ ਬਰਾਮਦਗੀ ਹੈ। ਮੁਲਜ਼ਮਾਂ ਨੇ 27 ਕਿੱਲੋ ਕੋਕੀਨ ਬੈਗਾਂ 'ਚ ਭਰੀ ਹੋਈ ਸੀ, ਜਦਕਿ ਤਿੰਨ ਕਿੱਲੋ ਕੋਕੀਨ ਵਾਹਨ ਦੀ ਛੱਤ 'ਤੇ ਛੁਪਾਈ ਹੋਈ ਸੀ।

ਪਹਿਲਾਂ ਸਮਝਿਆ ਗਿਆ ਸੀ ਕਿ ਹੈਰੋਇਨ ਹੱਥ ਲੱਗੀ ਹੈ, ਪਰ ਉਹ ਕੋਕੀਨ ਨਿਕਲੀ। ਅਧਿਕਾਰੀਆਂ ਨੇ ਕਿਹਾ ਕਿ ਹਾਈ ਗਰੇਡ ਦੀ ਕੋਕੀਨ ਸਰਹੱਦ ਪਾਰੋਂ ਸਮੱਗਲ ਕਰਕੇ ਪੰਜਾਬ ਲਿਆਂਦੀ ਜਾਂਦੀ ਹੈ।

## ਤੂਰ ਨੇ ਸ਼ਾਟਪੁੱਟ ਤੇ ਸਬਲੇ ਨੇ ਸਟੀਪਲ ਚੇਜ਼ 'ਚ ਸੋਨ ਤਮਗੇ ਜਿੱਤੇ





**ਹਾਂਗਜ਼ੂ** : ਅਵਿਨਾਸ਼ ਸਬਲੇ ਨੇ ਐਤਵਾਰ ਏਸ਼ੀਆਈ ਖੇਡਾਂ ਵਿਚ 8:19.50 ਮਿੰਟ ਦੇ ਨਵੇਂ ਰਿਕਾਰਡ ਨਾਲ 3000 ਮੀਟਰ ਸਟੀਪਲਚੇਜ਼ ਵਿਚ ਸੋਨ ਤਮਗਾ ਜਿੱਤ ਲਿਆ।

ਤੇਜਿੰਦਰ ਸਿੰਘ ਤੂਰ ਨੇ 20.36 ਮੀਟਰ ਗੋਲਾ ਸੁੱਟ ਕੇ ਸੋਨ ਤਮਗਾ ਜਿੱਤਿਆ।

ਪ੍ਰਿਥਵੀਰਾਜ ਤੋਂਡਇਮਾਨ, ਕਾਇਨਾਨ ਚੇਨਾਈ ਅਤੇ ਜ਼ੋਰਾਵਰ ਸਿੰਘ ਸੰਧੂ ਦੀ ਭਾਰਤੀ ਤਿਕੜੀ ਨੇ ਟਰੈਪ ਨਿਸ਼ਾਨੇਬਾਜ਼ੀ ਮੁਕਾਬਲੇ 'ਚ ਟੀਮ ਸੋਨ ਤਮਗਾ ਜਿੱਤਿਆ। ਮਨੀਸ਼ਾ ਕੀਰ, ਪ੍ਰੀਤੀ ਰਜ਼ਾਕ ਅਤੇ ਰਾਜੇਸ਼ਵਰੀ ਕੁਮਾਰੀ ਦੀ ਮਹਿਲਾ ਟਰੈਪ ਟੀਮ ਵੀ ਚਾਂਦੀ ਤਮਗਾ ਜਿੱਤਣ 'ਚ ਸਫਲ ਰਹੀ।

ਭਾਰਤੀ ਗੋਲਫਰ ਅਦਿਤੀ ਅਸ਼ੋਕ ਆਪਣੀ ਲੈਅ ਬਰਕਰਾਰ ਨਹੀਂ ਰੱਖ ਸਕੀ ਅਤੇ ਉਸ ਨੂੰ ਚਾਂਦੀ ਦੇ ਤਮਗੇ 'ਤੇ ਸਬਰ ਕਰਨਾ ਪਿਆ। ਮਹਿਲਾ ਗੋਲਫ 'ਚ ਇਹ ਭਾਰਤ ਦਾ ਪਹਿਲਾ ਤਮਗਾ ਹੈ। ਤਜਰਬੇਕਾਰ ਜਯੋਤੀ ਸੁਰੇਖਾ ਵੇਨਮ ਨੇ ਕੰਪਾਊਂਡ ਤੀਰਅੰਦਾਜ਼ੀ ਮੁਕਾਬਲੇ ਦੇ ਵਿਅਕਤੀਗਤ ਕੁਆਲੀਫਿਕੇਸ਼ਨ 'ਚ ਦੱਖਣੀ ਕੋਰੀਆ ਦੀਆਂ ਖਿਡਾਰਨਾਂ ਨੂੰ ਪਛਾੜ ਕੇ ਸਿਖਰਲਾ ਸਥਾਨ ਹਾਸਲ ਕੀਤਾ, ਜਦਕਿ ਵਿਸ਼ਵ ਚੈਂਪੀਅਨ ਅਦਿਤੀ ਸਵਾਮੀ ਚੌਥੇ ਸਥਾਨ 'ਤੇ ਰਹੀ। ਇਨ੍ਹਾਂ ਦੋਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਭਾਰਤ ਨੇ ਟੀਮ ਮੁਕਾਬਲੇ 'ਚ ਸਿਖਰਲਾ ਸਥਾਨ ਹਾਸਲ ਕੀਤਾ। ਵਿਸ਼ਵ ਚੈਂਪੀਅਨਸ਼ਿਪ ਦੀ ਕਾਂਸੀ ਤਮਗਾ ਜੇਤੂ ਮੁੱਕੇਬਾਜ਼ ਪਰਵੀਨ ਹੁੱਡਾ ਨੇ ਮਹਿਲਾਵਾਂ ਦੇ 57 ਕਿੱਲੋ ਭਾਰ ਵਰਗ ਦੇ ਸੈਮੀਫਾਈਨਲ ਮੁਕਾਬਲੇ 'ਚ ਜਗ੍ਹਾ ਬਣਾ ਕੇ ਤਮਗਾ ਯਕੀਨੀ ਬਣਾਉਣ ਦੇ ਨਾਲ ਹੀ ਪੈਰਿਸ ਉਲੰਪਿਕ ਕੋਟਾ ਹਾਸਲ ਕੀਤਾ। ਇਸੇ ਦੌਰਾਨ ਨਿਖਤ ਜ਼ਰੀਨ ਨੂੰ 50 ਕਿੱਲੋ ਭਾਰ ਵਰਗ 'ਚ ਹਾਰ ਕਾਰਨ ਕਾਂਸੀ ਤਮਗੇ 'ਤੇ ਸਬਰ ਕਰਨਾ ਪਿਆ। ਉਹ ਵੀ ਉਲੰਪਿਕ ਲਈ ਕੁਆਲੀਫਾਈ ਕਰ ਚੁੱਕੀ ਹੈ।

## ਵਿਸ਼ਵ ਭਰ ਦੇ ਮੋਹਰੀ ਸਨਅਤਕਾਰ ਪੰਜਾਬ ਦਾ ਰੁਖ਼ ਕਰਨ ਲੱਗੇ : ਮੁੱਖ ਮੰਤਰੀ

### ਰਾਜਪੁਰਾ 'ਚ 138 ਕਰੋੜ ਦੇ ਕੈਟਲ ਫੀਡ ਪਲਾਂਟ ਦਾ ਰੱਖਿਆ ਨੀਂਹ ਪੱਥਰ

**ਰਾਜਪੁਰਾ (ਰਮੇਸ਼ ਕਟਾਰੀਆ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਨਾਲ ਦੁਨੀਆ ਭਰ ਦੇ ਮੋਹਰੀ ਸਨਅਤਕਾਰ ਹੁਣ ਸੂਬੇ ਦਾ ਰੁਖ਼ ਕਰਨ ਲੱਗੇ ਹਨ।

ਨੀਦਰਲੈਂਡ ਦੀ ਕੰਪਨੀ ਦੇ ਕੈਟਲ ਫੀਡ ਪਲਾਂਟ ਦਾ ਨੀਂਹ ਪੱਥਰ ਰੱਖਣ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਫ਼ਸਲਾਂ ਦੀ ਖੇਤੀ ਕਰ ਰਹੇ ਪੰਜਾਬ ਤੇ ਹਰਿਆਣਾ ਦੇ ਕਿਸਾਨ ਫ਼ਸਲੀ ਵਿਭਿੰਨਤਾ ਲਈ ਨਵੇਂ ਰਾਹ ਤਲਾਸ਼ ਰਹੇ ਹਨ ਜਾਂ ਉਹ ਬਿਹਤਰ ਕਮਾਈ ਲਈ ਬਾਗ਼ਬਾਨੀ, ਡੇਅਰੀ, ਮੁਰਗੀ ਪਾਲਣ, ਮੱਛੀ ਪਾਲਣ, ਸੂਰ ਪਾਲਣ ਅਤੇ ਹੋਰ ਕਿੱਤਿਆਂ ਵੱਲ ਜਾ ਰਹੇ ਹਨ। ਉਨ੍ਹਾ ਕਿਹਾ ਕਿ ਪਸ਼ੂਆਂ ਦੀ ਫੀਡ ਬਣਾਉਣ ਵਾਲੀਆਂ ਦੁਨੀਆ ਭਰ ਦੀਆਂ 10 ਮੋਹਰੀ ਕੰਪਨੀਆਂ ਵਿੱਚੋਂ ਇਕ ਡੀ ਹਿਊਜ਼ ਇੱਥੇ ਪਲਾਂਟ ਸਥਾਪਤ ਕਰਨ ਜਾ ਰਹੀ ਹੈ ਅਤੇ 138 ਕਰੋੜ ਰੁਪਏ ਦੀ ਲਾਗਤ ਨਾਲ ਰਾਜਪੁਰਾ ਵਿੱਚ ਬਣ ਰਹੇ ਇਸ ਪਲਾਂਟ ਨਾਲ ਅਜਿਹੇ ਕਿਸਾਨਾਂ ਦੀਆਂ ਉਮੀਦਾਂ ਜਾਗੀਆਂ ਹਨ। ਮਾਨ ਨੇ ਉਮੀਦ ਜਤਾਈ ਕਿ ਬਿਹਤਰੀਨ ਤਕਨਾਲੋਜੀ ਆਉਣ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਉਹਨਾ ਕਿਹਾ ਕਿ ਇਹ ਨੀਦਰਲੈਂਡ ਦੀ ਕਿਸੇ ਇਕ ਕੰਪਨੀ ਦਾ ਪੰਜਾਬ ਵਿੱਚ ਪਹਿਲਾ ਵੱਡਾ ਨਿਵੇਸ਼ ਹੈ। ਨੀਦਰਲੈਂਡ ਨੂੰ ਵਿਸ਼ਵ ਭਰ ਵਿੱਚ ਖੇਤੀਬਾੜੀ ਉਤਪਾਦਾਂ ਦਾ ਸਭ ਤੋਂ ਵੱਡਾ ਬਰਾਮਦਕਾਰ ਮੰਨਿਆ ਜਾਂਦਾ ਹੈ। ਇਹ ਪਲਾਂਟ ਪਸ਼ੂਆਂ ਲਈ ਹਰੇਕ ਤਰ੍ਹਾਂ ਦੇ ਉਤਪਾਦ ਬਣਾਏਗਾ, ਜਿਨ੍ਹਾਂ ਵਿੱਚ ਕੰਪਾਊਂਡ ਫੀਡ, ਕਨਸਟਰੇਟਸ, ਬੇਸ ਮਿਕਸ ਤੇ ਡੇਅਰੀ ਮਿਨਰਲ ਮਿਕਸ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪਲਾਂਟ ਦਾ ਪਹਿਲਾ ਪੜਾਅ ਸਾਲ 2025 ਦੀ ਪਹਿਲੀ ਤਿਮਾਹੀ ਤੱਕ ਮੁਕੰਮਲ ਹੋ ਜਾਵੇਗਾ, ਜਿਹੜਾ 180 ਕਿੱਲੋ ਮੀਟਰਕ ਟਨ ਪਸ਼ੂਆਂ ਦੀ ਫੀਡ ਤਿਆਰ ਕਰੇਗਾ। ਇਸ ਸਮਰੱਥਾ ਵਿੱਚ 240 ਕਿੱਲੋ ਮੀਟਰਕ ਟਨ ਤੱਕ ਵਾਧਾ ਕੀਤਾ ਜਾ ਸਕੇਗਾ। ਉਹਨਾ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਨਾਲ ਹੁਣ ਤੱਕ ਪੰਜਾਬ ਵਿੱਚ 50840 ਕਰੋੜ ਰੁਪਏ ਦਾ ਨਿਵੇਸ਼ ਆਇਆ ਹੈ। ਟਾਟਾ ਸਟੀਲ ਨੇ ਜਮਸ਼ੇਦਪੁਰ ਤੋਂ ਬਾਅਦ ਪੰਜਾਬ ਵਿੱਚ ਸਭ ਤੋਂ ਵੱਡਾ ਨਿਵੇਸ਼ ਕੀਤਾ ਹੈ। ਉਨ੍ਹਾ ਆਖਿਆ ਕਿ ਜਿੰਦਲ ਸਟੀਲ, ਵਰਬੀਓ, ਕਲਾਸ, ਟੈਫੇ, ਹਿੰਦੋਸਤਾਨ ਲਿਵਰ ਤੇ ਹੋਰ ਕੰਪਨੀਆਂ ਵੀ ਪੰਜਾਬ ਵਿੱਚ ਨਿਵੇਸ਼ ਕਰ ਰਹੀਆਂ ਹਨ। ਇਸ ਨਾਲ ਪੰਜਾਬ ਦੇ 2.25 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਇਹ ਪਲਾਂਟ ਉਨ੍ਹਾਂ ਦੇ ਮੂੰਹ ਉਤੇ ਵੱਡੀ ਚਪੇੜ ਹੈ, ਜਿਹੜੇ ਕਹਿੰਦੇ ਸਨ ਕਿ ਪੰਜਾਬ ਵਿੱਚ ਕੋਈ ਵੱਡਾ ਨਿਵੇਸ਼ ਨਹੀਂ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸੂਬੇ ਕੋਲ ਉਦਯੋਗ ਪੱਖੀ ਸਿੰਗਲ ਵਿੰਡੋ ਸਿਸਟਮ ਹੈ। ਪਹਿਲਾਂ ਇਹ ਸਿਸਟਮ ਸਿਰਫ਼ ਢਕਵੰਜ ਹੁੰਦਾ ਸੀ ਅਤੇ ਇਸ ਦੀ ਸਹੀ ਵਰਤੋਂ ਨਹੀਂ ਹੁੰਦੀ ਸੀ। ਉਨ੍ਹਾ ਕਿਹਾ ਕਿ ਪਹਿਲਾਂ ਐੱਮ ਓ ਯੂ ਪਰਵਾਰਾਂ ਨਾਲ ਹੁੰਦੇ ਸਨ, ਪਰ ਹੁਣ ਇਹ ਪੰਜਾਬ ਦੇ ਲੋਕਾਂ ਨਾਲ ਹੋ ਰਹੇ ਹਨ। ਇਸ ਮੌਕੇ ਵਿਧਾਇਕ ਨੀਨਾ ਮਿੱਤਲ ਤੇ ਗੁਰਲਾਲ ਘਨੌਰ ਵੀ ਮੌਜੂਦ ਸਨ।

## ਚੀਨ ਪੱਖੀ ਮੁਈਜ਼ ਮਾਲਦੀਵ ਦੇ ਰਾਸ਼ਟਰਪਤੀ ਦੀ ਚੋਣ ਜਿੱਤੇ

**ਮਾਲੇ** : ਮਾਲਦੀਵ 'ਚ ਵਿਰੋਧੀ ਉਮੀਦਵਾਰ ਮੁਹੰਮਦ ਮੁਈਜ਼ ਨੇ 53 ਫੀਸਦੀ ਤੋਂ ਜ਼ਿਆਦਾ ਵੋਟਾਂ ਹਾਸਲ ਕਰਦੇ ਹੋਏ ਸਨਿੱਚਰਵਾਰ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਜਿੱਤ ਲਈ। ਇਸ ਚੋਣ ਨੂੰ ਇਕ ਰਾਏਸ਼ੁਮਾਰੀ ਵਜੋਂ ਦੇਖਿਆ ਜਾ ਰਿਹਾ ਸੀ ਕਿ ਦੇਸ਼ 'ਚ ਭਾਰਤ ਜਾਂ ਫਿਰ ਚੀਨ 'ਚੋਂ ਕਿਸ ਖੇਤਰੀ ਸ਼ਕਤੀ ਦਾ ਵਧੇਰਾ ਪ੍ਰਭਾਵ ਰਹੇਗਾ।

ਮੌਜੂਦਾ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲਿਹ ਨੂੰ 46 ਫੀਸਦੀ ਵੋਟਾਂ ਹਾਸਲ ਹੋਈਆਂ ਅਤੇ ਮੁਈਜ਼ ਨੂੰ ਉਨ੍ਹਾ ਨਾਲੋਂ 18,000 ਤੋਂ ਵੱਧ ਵੋਟਾਂ ਮਿਲੀਆਂ ਹਨ। ਅਧਿਕਾਰਤ ਨਤੀਜਿਆਂ ਦਾ ਐਲਾਨ ਠਹਿਰ ਕੇ ਹੋਣਾ ਸੀ। ਮੁਈਜ਼ ਨੇ ਜਿੱਤ ਤੋਂ ਬਾਅਦ ਇਕ ਬਿਆਨ 'ਚ ਕਿਹਾ—ਅੱਜ ਦੇ ਨਤੀਜੇ ਨਾਲ ਸਾਨੂੰ ਦੇਸ਼ ਦੇ ਭਵਿੱਖ ਦਾ ਨਿਰਮਾਣ ਕਰਨ ਦਾ ਮੌਕਾ ਮਿਲਿਆ ਹੈ। ਮਾਲਦੀਵ ਦੀ ਆਜ਼ਾਦੀ ਯਕੀਨੀ ਕਰਨ ਦੀ ਤਾਕਤ ਮਿਲੀ ਹੈ। ਇਹ ਸਮਾਂ ਆਪਣੇ ਮਤਭੇਦਾਂ ਨੂੰ ਦੂਰ ਰੱਖਣ ਅਤੇ ਇਕਜੁੱਟ ਹੋ ਕੇ ਕੰਮ ਕਰਨ ਦਾ ਹੈ। ਸਾਨੂੰ ਇਕ ਸ਼ਾਂਤੀਪੂਰਨ ਸਮਾਜ ਦੀ ਲੋੜ ਹੈ।

ਮੁਈਜ਼ ਨੇ ਸੋਲਿਹ ਨੂੰ ਸਾਬਕਾ ਰਾਸ਼ਟਰਪਤੀ ਅਬਦੁੱਲਾ ਯਾਮੀਨ ਨੂੰ ਘਰ 'ਚ ਨਜ਼ਰਬੰਦ ਕਰਨ ਦੀ ਬਜਾਏ ਜੇਲ੍ਹ ਭੇਜਣ ਦੀ ਅਪੀਲ ਵੀ ਕੀਤੀ। ਯਾਮੀਨ ਨੂੰ ਸੁਪਰੀਮ ਕੋਰਟ ਨੇ ਮਨੀ ਲਾਂਡਰਿੰਗ ਦੇ ਕੇਸ ਵਿਚ ਜੇਲ੍ਹ ਭੇਜ ਦਿੱਤਾ ਸੀ, ਜਿਸ ਕਰਕੇ ਉਹ ਚੋਣ ਨਹੀਂ ਲੜ ਸਕੇ ਤੇ ਮੁਈਜ਼ ਨੇ ਮੁਕਾਬਲਾ ਕੀਤਾ। ਮੁਈਜ਼ ਦੀ ਪਾਰਟੀ ਦੇ ਆਗੂ ਮੁਹੰਮਦ ਸ਼ਰੀਫ ਨੇ ਕਿਹਾ—ਅੱਜ ਦੇ ਨਤੀਜੇ ਲੋਕਾਂ ਦੀ ਦੇਸ਼ ਭਗਤੀ ਦਾ ਪ੍ਰਗਟਾਵਾ ਹਨ। ਗੁਆਂਢੀ ਦੇਸ਼ ਤੇ ਭਾਈਵਾਲ ਸਾਡੀ ਆਜ਼ਾਦੀ ਤੇ ਪ੍ਰਭੂਸੱਤਾ ਦਾ ਸਤਿਕਾਰ ਕਰਨ। ਸਤੰਬਰ ਵਿਚ ਪਈਆਂ ਵੋਟਾਂ ਦੌਰਾਨ ਮੁਈਜ਼ ਤੇ ਸੋਲਿਹ ਨੂੰ 50 ਫੀਸਦੀ ਤੋਂ ਵੱਧ ਵੋਟਾਂ ਨਹੀਂ ਮਿਲੀਆਂ ਸਨ, ਜਿਸ ਕਰਕੇ ਦੁਬਾਰਾ ਵੋਟਾਂ ਪੁਆਉਣੀਆਂ ਪਈਆਂ ਸਨ। ਮੁਈਜ਼ ਨੇ ਪ੍ਰਚਾਰ ਦੌਰਾਨ 2018 ਵਿਚ ਰਾਸ਼ਟਰਪਤੀ ਚੁਣੇ ਗਏ ਸੋਲਿਹ 'ਤੇ ਦੇਸ਼ ਵਿਚ ਭਾਰਤ ਦੀ ਬੇਲਗਾਮ ਮੌਜੂਦਗੀ ਹੋਣ ਦੇਣ ਦਾ ਦੋਸ਼ ਲਾਇਆ ਸੀ। ਮੁਈਜ਼ ਦੀ ਪਾਰਟੀ ਪੀਪਲਜ਼ ਨੈਸ਼ਨਲ ਕਾਂਗਰਸ ਚੀਨ ਦੇ ਕਾਫੀ ਕਰੀਬ ਸਮਝੀ ਜਾਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦੀ ਚੋਣ ਜਿੱਤਣ 'ਤੇ ਮੁਹੰਮਦ ਮੁਈਜ਼ ਨੂੰ ਮੁਬਾਰਕਬਾਦ ਦਿੱਤੀ ਹੈ।

## ਈ-ਗੇਮਿੰਗ ਤੇ ਕੈਸੀਨੋਜ਼ 'ਤੇ 28 ਫੀਸਦੀ ਜੀ ਐੱਸ ਟੀ ਲਾਗੂ

**ਨਵੀਂ ਦਿੱਲੀ** : ਕੇਂਦਰੀ ਵਿੱਤ ਮੰਤਰਾਲੇ ਵੱਲੋਂ ਈ-ਗੇਮਿੰਗ, ਕੈਸੀਨੋਜ਼ ਤੇ ਘੋੜਿਆਂ ਦੀ ਦੌੜ 'ਤੇ ਜੀ ਐੱਸ ਟੀ ਦੀਆਂ ਸੋਧੀਆਂ ਹੋਈਆਂ ਦਰਾਂ ਪਹਿਲੀ ਅਕਤੂਬਰ ਤੋਂ ਲਾਗੂ ਕਰ ਦਿੱਤੀਆਂ ਗਈਆਂ। ਇਸ ਸੰਬੰਧੀ ਨੋਟੀਫਿਕੇਸ਼ਨ ਸ਼ਨੀਵਾਰ ਦੇਰ ਰਾਤ ਜਾਰੀ ਕੀਤਾ ਗਿਆ। ਹੁਣ ਈ-ਗੇਮਿੰਗ, ਕੈਸੀਨੋਜ਼ ਤੇ ਘੋੜਿਆਂ ਦੀ ਦੌੜ ਨੂੰ ਲਾਟਰੀ, ਸੱਟੇਬਾਜ਼ੀ ਤੇ ਜੂਏ ਵਾਂਗ ਕਾਰਵਾਈ ਯੋਗ ਮੰਨਿਆ ਜਾਵੇਗਾ ਤੇ ਇਨ੍ਹਾਂ 'ਤੇ 28 ਫੀਸਦੀ ਜੀ ਐੱਸ ਟੀ ਲਾਇਆ ਜਾਵੇਗਾ। ਵਿਦੇਸ਼ੀ ਆਨਲਾਈਨ ਗੇਮਾਂ ਲਈ ਭਾਰਤ 'ਚ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ ਤੇ ਘਰੇਲੂ ਕਾਨੂੰਨ ਅਨੁਸਾਰ ਹੀ ਭੁਗਤਾਨ ਕਰਨਾ ਹੋਵੇਗਾ।

## ਅਨਸਾਰੀ ਦੀ ਲਖਨਊ 'ਚ 10 ਕਰੋੜ ਦੀ ਜਾਇਦਾਦ ਜ਼ਬਤ

**ਲਖਨਊ** : ਆਮਦਨ ਕਰ ਵਿਭਾਗ ਨੇ ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖਤਾਰ ਅਨਸਾਰੀ ਤੇ ਉਸ ਦੇ ਪਰਵਾਰਕ ਮੈਂਬਰਾਂ ਖਿਲਾਫ ਚੱਲ ਰਹੀ ਕਥਿਤ ਬੇਨਾਮੀ ਜਾਇਦਾਦ ਮਾਮਲੇ ਦੀ ਜਾਂਚ ਤਹਿਤ ਐਤਵਾਰ ਇੱਥੇ ਲਗਭਗ 10 ਕਰੋੜ ਰੁਪਏ ਦੀ ਦੂਜੀ ਜ਼ਮੀਨ ਕੁਰਕ ਕੀਤੀ ਹੈ। 'ਆਪ੍ਰੇਸ਼ਨ ਪੈਂਥਰ' ਨਾਂਅ ਦੀ ਜਾਂਚ 'ਚ ਪਾਇਆ ਗਿਆ ਹੈ ਕਿ ਲਖਨਊ ਦੇ ਡਾਲੀ ਬਾਗ ਇਲਾਕੇ 'ਚ 13-ਸੀ/3 'ਤੇ 3234 ਵਰਗ ਫੁੱਟ ਪਲਾਟ ਦੀ ਬੇਨਾਮੀਦਾਰ (ਜਿਸ ਦੇ ਨਾਂਅ 'ਤੇ ਬੇਨਾਮੀ ਸੰਪਤੀ ਹੈ) ਤਨਵੀਰ ਸਹਿਰ ਗਾਜ਼ੀਪੁਰ ਦੀ ਵਸਨੀਕ ਇਕ ਮਹਿਲਾ ਹੈ।

## ਨਿਰਬਲ ਦੀ ਰਾਖੀ ਹੀ ਇਕ ਹਿੰਦੂ ਦਾ ਧਰਮ

### ਰਾਹੁਲ ਦੀ ਜਜ਼ਬਾਤੀ ਅਪੀਲ



**ਨਵੀਂ ਦਿੱਲੀ** : ਜ਼ਿੰਦਗੀ ਖੁਸ਼ੀ, ਪਿਆਰ ਅਤੇ ਡਰ ਦੇ ਇੱਕ ਵਿਸ਼ਾਲ ਮਹਾਂਸਾਗਰ ਵਿੱਚ ਤੈਰਨ ਵਾਂਗ ਹੈ। ਅਸੀਂ ਇਸ ਦੀਆਂ ਖੂਬਸੂਰਤ ਪਰ ਡਰਾਉਣੀਆਂ ਡੂੰਘਾਈਆਂ ਵਿੱਚ ਇਕੱਠੇ ਜਿਊਂਦੇ ਹਾਂ, ਇਸ ਦੀਆਂ ਬਹੁਤ ਸਾਰੀਆਂ ਸ਼ਕਤੀਸ਼ਾਲੀ ਅਤੇ ਨਿਰੰਤਰ ਉਠਦੀਆਂ ਲਹਿਰਾਂ ਦਰਮਿਆਨ ਜਿਊਣ ਦਾ ਯਤਨ ਕਰਦੇ ਹਾਂ। ਇਸ ਮਹਾਂਸਾਗਰ ਵਿੱਚ ਜਿੱਥੇ ਆਪਸੀ ਸਾਂਝ, ਖੁਸ਼ੀ ਅਤੇ ਅਥਾਹ ਆਨੰਦ ਹੈ, ਉਥੇ ਡਰ ਵੀ ਹੈ। ਮੌਤ ਦਾ ਡਰ, ਭੁੱਖ ਦਾ ਡਰ, ਦੁੱਖਾਂ ਦਾ ਡਰ, ਨਫ਼ੇ-ਨੁਕਸਾਨ ਦਾ ਡਰ, ਭੀੜ 'ਚ ਗੁਆਚ ਜਾਣ ਦਾ ਡਰ, ਅਸਫ਼ਲਤਾ ਦਾ ਡਰ। ਇਸ ਖੂਬਸੂਰਤ ਮਹਾਂਸਾਗਰ ਵਿੱਚ ਸਾਡੀ ਸਾਂਝੀ ਯਾਤਰਾ ਦਾ ਨਾਂਅ ਜ਼ਿੰਦਗੀ ਹੈ।

ਅਸੀਂ ਸਭ ਇਕੱਠੇ ਤੈਰ ਰਹੇ ਹਾਂ। ਇਹ ਬਹੁਤ ਖੂਬਸੂਰਤ ਹੈ, ਪਰ ਭਿਆਨਕ ਵੀ, ਕਿਉਂਕਿ ਇਹ ਮਹਾਂਸਾਗਰ, ਜਿਸ ਨੂੰ ਅਸੀਂ ਜ਼ਿੰਦਗੀ ਆਖਦੇ ਹਾਂ, ਤੋਂ ਨਾ ਤਾਂ ਅੱਜ ਤੱਕ ਕੋਈ ਬਚ ਸਕਿਆ ਹੈ ਅਤੇ ਨਾ ਹੀ ਬਚ ਸਕੇਗਾ। ਉਹ ਵਿਅਕਤੀ, ਜੋ ਆਪਣੇ ਅੰਦਰਲੇ ਡਰ ਤੋਂ ਉੱਪਰ ਉੱਠਣ ਦੀ ਹਿੰਮਤ ਕਰਦਾ ਹੈ ਤਾਂ ਕਿ ਉਹ ਇਸ ਮਹਾਂਸਾਗਰ ਨੂੰ ਸੱਚੋ-ਸੱਚ ਜਾਣ ਸਕੇ-ਉਹੀ ਅਸਲ ਹਿੰਦੂ ਹੈ। ਕੁਝ ਕੁ ਸੱਭਿਆਚਾਰਕ ਧਾਰਨਾਵਾਂ ਨੂੰ ਹਿੰਦੂ ਧਰਮ ਕਹਿਣਾ ਨਾ-ਸਮਝੀ ਹੈ। ਇਸ ਨੂੰ ਕਿਸੇ ਰਾਸ਼ਟਰੀ ਜ਼ਮੀਨ ਵਿਸ਼ੇਸ਼ ਨਾਲ ਬੰਨ੍ਹਣਾ ਵੀ ਇਸ ਨੂੰ ਸੀਮਤ ਕਰਨਾ ਹੈ। ਹਿੰਦੂ ਧਰਮ ਆਪਣੇ ਅੰਦਰਲੇ ਡਰਾਂ

• ਬਾਕੀ ਸਫ਼ਾ 7 'ਤੇ

## ਅੱਜ-ਨਾਮਾ

ਲੀਡਰ ਕਾਂਗਰਸ ਦੇ ਬੋਲ ਰਹੇ ਹੋਰ ਬੋਲੀ,
ਸਿੱਧੂ ਨਵਜੋਤ ਪਿਆ ਵੱਖ ਹੈ ਬੋਲ ਬੇਲੀ।
ਕੌੜਾ ਬੋਲਣ ਤੋਂ ਝਿੜਕ'ਤੇ ਕਾਂਗਰਸੀਏ,
ਕਹਿੰਦਾ ਬੋਲਣ ਦਾ ਰੱਖੋ ਸਮਤੋਲ ਬੇਲੀ।
ਪਾਰਲੀਮੈਂਟ ਲਈ ਚੋਣ ਜਦ ਕੋਲ ਆਈ,
ਚਿੱਤ ਵਿੱਚ ਰੱਖਿਉ ਚੋਣ ਦਾ ਘੋਲ ਬੇਲੀ।
ਸਿਆਸਤ ਦੇਸ਼ ਦੀ ਜਿੱਡੇ ਸੰਕੇਤ ਦੇਂਦੀ,
ਇਹ ਸੰਕੇਤ ਆ ਬਹੁਤ ਅਨਮੋਲ ਬੇਲੀ।
ਸਾਰੇ ਈ ਲੀਡਰ ਪੰਜਾਬ ਦੇ ਇੱਕ ਤਰਫਾ,
ਹਾਈ ਕਮਾਨ ਦੇ ਨਾਲ ਇੱਕੋ ਖੜਾ ਬੇਲੀ।
ਵੱਖਰਾ ਸਭਨਾਂ ਤੋਂ ਬੇਸ਼ੱਕ ਨਵਜੋਤ ਸਿੱਧੂ,
ਰਾਜਸੀ ਪੈਂਤੜਾ ਮੱਲ ਗਿਆ ਬੜਾ ਬੇਲੀ।


-ਤੀਸ ਮਾਰ ਖਾਂ

## ਅਸਾਮ ਦੇ ਚਾਰ ਜ਼ਿਲ੍ਹਿਆਂ 'ਚ ਅਫਸਪਾ ਹਟਾਇਆ

**ਗੁਹਾਟੀ** : ਅਸਾਮ ਪੁਲਸ ਨੇ ਐਤਵਾਰ ਚਾਰ ਜ਼ਿਲ੍ਹਿਆਂ 'ਚ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਐਕਟ (ਅਫਸਪਾ) ਹਟਾ ਲਿਆ, ਪਰ ਚਾਰ ਹੋਰਨਾਂ ਵਿਚ ਛੇ ਮਹੀਨਿਆਂ ਲਈ ਲਾਗੂ ਕਰ ਦਿੱਤਾ। ਡੀ ਜੀ ਪੀ ਗਿਆਨੇਂਦਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਡਿਬਰੂਗੜ੍ਹ, ਤਿਨਸੁਕੀਆ, ਸ਼ਿਵਸਾਗਰ ਤੇ ਚਰਾਈਦੇਵ 'ਚ ਅਫਸਪਾ ਲਾਇਆ ਗਿਆ ਹੈ, ਜਦਕਿ ਜੋਰਹਾਟ, ਗੋਲਾਘਾਟ, ਕਾਰਬੀ ਆਂਗਲੌਂਗ ਤੇ ਦੀਮਾ ਹਸਾਓ 'ਚੋਂ ਪਹਿਲੀ ਅਕਤੂਬਰ ਤੋਂ ਅਫਸਪਾ ਹਟਾ ਲਿਆ ਗਿਆ ਹੈ।

## ਵਿਦਿਆਰਥਣ ਵੱਲੋਂ ਖੁਦਕੁਸ਼ੀ

**ਵਿਦੀਸ਼ਾ** : ਮੱਧ ਪ੍ਰਦੇਸ਼ ਦੇ ਵਿਦੀਸ਼ਾ ਸ਼ਹਿਰ 'ਚ ਅਟਲ ਬਿਹਾਰੀ ਵਾਜਪਾਈ ਮੈਡੀਕਲ ਕਾਲਜ ਦੀ ਐੱਮ ਬੀ ਬੀ ਐੱਸ ਦੀ ਦੂਜੇ ਸਾਲ ਦੀ 20 ਸਾਲਾ ਵਿਦਿਆਰਥਣ ਅਰੁਨਾ ਅਵਾਸੇ ਨੇ ਸ਼ਨੀਵਾਰ ਹੋਸਟਲ ਦੇ ਆਪਣੇ ਕਮਰੇ 'ਚ ਕਥਿਤ ਤੌਰ 'ਤੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਖੁਦਕੁਸ਼ੀ ਦਾ ਕਾਰਨ ਫੌਰੀ ਤੌਰ 'ਤੇ ਪਤਾ ਨਹੀਂ ਲੱਗ ਸਕਿਆ।

ਨਵਾਂ ਜ਼ਮਾਨਾ
ਸੋਮਵਾਰ,2 ਅਕਤੂਬਰ 2023

## ਆਂਗਣਵਾੜੀ ਵਰਕਰਾਂ ਦਾ ਸਟੈਂਡਰਡ ਵਧਾਉਣ ਲਈ ਕੇਂਦਰ ਸਰਕਾਰ ਤਿਆਰ ਨਹੀਂ

*ਕੌਮੀ ਸਿੱਖਿਆ ਨੀਤੀ (ਨੈਸ਼ਨਲ ਐਜੂਕੇਸ਼ਨ ਪਾਲਿਸੀ—ਐੱਨ ਈ ਪੀ) ਨੇ ਸਿਫਾਰਸ਼ ਕੀਤੀ ਸੀ ਕਿ ਆਂਗਣਵਾੜੀ ਕੇਂਦਰਾਂ ਨੂੰ ਸ਼ਹਿਰੀ ਪਲੇਅ-ਸਕੂਲਾਂ ਤੇ ਨਰਸਰੀ ਸਕੂਲਾਂ ਦੇ ਲਾਗੇ ਲਿਆ ਕੇ ਪੇਂਡੂ ਪ੍ਰੀ-ਸਕੂਲਾਂ ਦਾ ਸਿੱਖਿਆ ਮਿਆਰ ਵਧਾਉਣ ਲਈ ਆਂਗਣਵਾੜੀ ਵਰਕਰਾਂ ਨੂੰ ਪੜ੍ਹਾਉਣ ਦੀ ਟਰੇਨਿੰਗ ਦਿੱਤੀ ਜਾਵੇ। ਤਿੰਨ ਸਾਲ ਹੋ ਗਏ, ਪਰ ਇਹ ਅਮਲ ਅਜੇ ਤੱਕ ਸ਼ੁਰੂ ਨਹੀਂ ਹੋਇਆ। ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਦੀ ਸਿੱਖਿਆ ਸਿਸਟਮ ਨੂੰ ਸੁਧਾਰਨ 'ਚ ਦਿਲਚਸਪੀ ਨਹੀਂ। 2020 ਵਿਚ ਲਿਆਂਦੀ ਐੱਨ ਈ ਪੀ ਨੇ ਤਿੰਨ ਸਾਲਾ ਸ਼ੁਰੂਆਤੀ ਬਚਪਨਾ ਸੰਭਾਲ ਤੇ ਸਿੱਖਿਆ ਨੂੰ ਟੈੱਨ ਪਲੱਸ ਟੂ ਸਕੂਲ ਢਾਂਚੇ 'ਚ ਸ਼ਾਮਲ ਕਰਕੇ 5+3+3+4 ਵਿਚ ਬਦਲਣ ਦਾ ਫੈਸਲਾ ਕੀਤਾ ਸੀ। ਇਸ ਵੇਲੇ ਦੇਸ਼ ਦੇ ਪਿੰਡਾਂ 'ਚ ਬਾਲਪਨ ਸਿੱਖਿਆ ਇੰਟੈਗਰੇਟਿਡ ਚਾਈਲਡ ਡਿਵੈੱਲਪਮੈਂਟ ਸਰਵਿਸਿਜ਼ ਤਹਿਤ 13.79 ਲੱਖ ਆਂਗਣਵਾੜੀ ਕੇਂਦਰਾਂ 'ਚ ਦਿੱਤੀ ਜਾਂਦੀ ਹੈ। ਇਨ੍ਹਾਂ ਵਿੱਚੋਂ ਬਹੁਤੇ ਕੇਂਦਰ ਅਜ਼ਾਦਾਨਾ ਤੌਰ 'ਤੇ ਚੱਲ ਰਹੇ ਹਨ ਤੇ ਪ੍ਰਾਇਮਰੀ ਸਕੂਲਾਂ ਤੋਂ ਦੂਰ ਹਨ। ਐੱਨ ਈ ਪੀ ਆਂਗਣਵਾੜੀ ਕੇਂਦਰਾਂ ਨੂੰ ਸਕੂਲਾਂ ਨਾਲ ਜੋੜਨਾ ਚਾਹੁੰਦੀ ਹੈ। ਹਰੇਕ ਆਂਗਣਵਾੜੀ ਕੇਂਦਰ 'ਚ ਇੱਕ ਵਰਕਰ ਤੇ ਇਕ ਅਸਿਸਟੈਂਟ ਹੈ। ਵਰਕਰ ਆਮ ਤੌਰ 'ਤੇ ਦਸਵੀਂ ਪਾਸ ਹੁੰਦੀਆਂ ਹਨ ਤੇ ਬੱਚਿਆਂ ਨੂੰ ਚੀਜ਼, ਅੱਖਰਾਂ ਤੇ ਅੰਕਾਂ ਬਾਰੇ ਜਾਣਕਾਰੀ ਦੇਣ ਆਦਿ ਦੀਆਂ ਸਰਗਰਮੀਆਂ ਕਰਦੀਆਂ ਹਨ। ਐੱਨ ਈ ਪੀ ਦਾ ਕਹਿਣਾ ਹੈ ਕਿ ਆਂਗਣਵਾੜੀ ਵਰਕਰਾਂ ਨੂੰ ਐੱਨ ਸੀ ਈ ਆਰ ਟੀ ਵੱਲੋਂ ਵਿਕਸਤ ਸਿਲੇਬਸ ਮੁਤਾਬਕ ਟਰੇਂਡ ਕੀਤਾ ਜਾਵੇ। ਦਸਵੀਂ ਪਾਸ ਨੂੰ ਇਕ ਸਾਲ ਤੇ ਬਾਰ੍ਹਵੀਂ ਪਾਸ ਨੂੰ ਛੇ ਮਹੀਨੇ ਦੀ ਪੜ੍ਹਾਉਣ ਦੀ ਟਰੇਨਿੰਗ ਦਿੱਤੀ ਜਾਵੇ। ਇਹ ਕੌਮੀ ਨੀਤੀ, ਜਿਸ ਦਾ ਅਗਾਂਹਵਧੂ ਲੋਕਾਂ ਨੇ ਕਾਫੀ ਵਿਰੋਧ ਕੀਤਾ, ਮੋਦੀ ਸਰਕਾਰ ਨੇ ਲਿਆਂਦੀ ਸੀ ਤੇ ਇਸ ਵਿਚ ਆਂਗਣਵਾੜੀ ਵਰਕਰਾਂ ਨੂੰ ਟੀਚਰਾਂ ਵਜੋਂ ਟਰੇਂਡ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ। ਕੇਂਦਰ ਸਰਕਾਰ ਆਂਗਣਵਾੜੀ ਵਰਕਰਾਂ ਨੂੰ ਇਸ ਕਰਕੇ ਟਰੇਂਡ ਨਹੀਂ ਕਰਨਾ ਚਾਹੁੰਦੀ ਕਿ ਉਨ੍ਹਾਂ ਨੂੰ ਫਿਰ ਟੀਚਰਾਂ ਵਾਲੀ ਤਨਖਾਹ ਦੇਣੀ ਪਵੇਗੀ। ਆਂਗਣਵਾੜੀ ਵਰਕਰ ਨੂੰ 4500 ਰੁਪਏ ਮਹੀਨਾ ਮਿਲਦੇ ਹਨ, ਜਦਕਿ ਸਭ ਤੋਂ ਹੇਠਲੀ ਯੋਗਤਾ ਵਾਲੇ ਟੀਚਰ ਨੂੰ ਸੱਤ ਗੁਣਾ ਵੱਧ ਮਿਲਦੇ ਹਨ। ਦਰਅਸਲ ਸਰਕਾਰ ਸਿੱਖਿਆ 'ਤੇ ਇਸ ਕਰਕੇ ਪੈਸੇ ਨਹੀਂ ਖਰਚਣਾ ਚਾਹੁੰਦੀ, ਕਿਉਂਕਿ ਇਸ ਦਾ ਸਿਆਸੀ ਫਾਇਦਾ ਨਹੀਂ ਹੁੰਦਾ। ਰਾਮ ਮੰਦਰ 2024 ਤੋਂ ਪਹਿਲਾਂ ਬਣਾ ਦਿੱਤਾ ਜਾਵੇਗਾ, ਕਿਉਂਕਿ ਉਸ ਨਾਲ ਵੋਟਾਂ ਮਿਲਣਗੀਆਂ। ਦਿੱਲੀ ਯੂਨੀਵਰਸਿਟੀ ਦੇ ਸਾਬਕਾ ਟੀਚਰ ਤੇ ਗੈਰ-ਸਰਕਾਰੀ ਆਲ ਇੰਡੀਆ ਫੋਰਮ ਫਾਰ ਰਾਈਟ ਟੂ ਐਜੂਕੇਸ਼ਨ ਦੇ ਮੈਂਬਰ ਮਧੂ ਪ੍ਰਸਾਦ ਐੱਨ ਈ ਪੀ ਦੀ ਇਸ ਸਿਫਾਰਸ਼ ਦੇ ਵਿਰੁੱਧ ਹਨ ਕਿ ਆਂਗਣਵਾਣੀ ਕੇਂਦਰ ਸਕੂਲਾਂ ਦੇ ਨੇੜੇ ਲਿਆਂਦੇ ਜਾਣ। ਉਨ੍ਹਾ ਦਾ ਕਹਿਣਾ ਹੈ ਕਿ ਇਸ ਵੇਲੇ ਆਂਗਣਵਾੜੀ ਕੇਂਦਰ ਬੱਚਿਆਂ ਦੇ ਘਰਾਂ ਦੇ ਲਾਗੇ ਹਨ। ਜੇ ਇਨ੍ਹਾਂ ਨੂੰ ਸਕੂਲਾਂ ਨਾਲ ਜੋੜ ਦਿੱਤਾ ਗਿਆ ਤਾਂ ਬੱਚੇ ਉਥੋਂ ਤੱਕ ਦੇ ਸਫਰ ਕਾਰਨ ਪ੍ਰੇਸ਼ਾਨ ਹੋਣਗੇ। ਇਸ ਨਾਲ ਉਨ੍ਹਾਂ ਦੀ ਪਹਿਲੀ ਜਮਾਤ ਵਿਚ ਦਾਖਲੇ ਲਈ ਤਿਆਰੀ 'ਤੇ ਵੀ ਅਸਰ ਪਵੇਗਾ। ਕੇਂਦਰ ਸਰਕਾਰ ਨਿੱਕੇ ਨਿਆਣਿਆਂ ਨੂੰ ਤਾਂ ਪੜ੍ਹਾਉਣ ਦਾ ਯੋਗ ਪ੍ਰਬੰਧ ਨਹੀਂ ਕਰ ਪਾ ਰਹੀ, ਪਰ ਦੇਸ਼ ਨੂੰ ਵਿਸ਼ਵ ਗੁਰੂ ਬਣਨ ਦੀਆਂ ਫੜ੍ਹਾਂ ਮਾਰਦੀ ਨਹੀਂ ਥੱਕਦੀ।*

## ਬਾਹਰਲੇ ਦੇਸ਼ਾਂ ਵੱਲ ਜਾ ਰਹੇ ਨੌਜਵਾਨ ਵਰਗ ਲਈ ਜ਼ਿੰਮੇਵਾਰ ਕੌਣ

ਪੰਜਾਬ ਦੀ ਧਰਤੀ ਗੁਰੂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ ਅਤੇ ਭਾਰਤ ਦੇਸ਼ ਦਾ ਸਿਰਮੌਰ ਸੂਬਾ ਹੈ। ਪਰ ਸਾਡੀ ਜਵਾਨੀ ਨੂੰ ਪਤਾ ਕੀ ਵਾਅ ਵਗ ਗਈ, ਜਿਹਨਾਂ ਨੂੰ ਇਹ ਦੇਸ਼ ਭਾਉਂਦਾ ਨਹੀਂ। ਇਥੋਂ ਨੱਸਣ ਦੀ ਤੀਬਰਤਾ ਪ੍ਰਬੱਲ ਕਰ ਗਈ ਹੈ। ਇਸ ਵਿੱਚ ਕਈ ਕਾਰਨ ਹਨ। ਸਭ ਤੋਂ ਪਹਿਲਾਂ ਤੇ ਅਹਿਮ ਕਾਰਨ ਹੈ, ਸੰਯੁਕਤ ਪਰਵਾਰਾਂ ਦਾ ਟੁੱਟਣਾ ਅਤੇ ਮਾਂ-ਪਿਓ ਵੱਲੋਂ ਬੱਚਿਆ ਵੱਲ ਘੱਟ ਧਿਆਨ ਦੇ ਪਾਉਣਾ, ਪਤੀ-ਪਤਨੀ ਨੌਕਰੀ ਪੇਸ਼ਾ ਵਾਲੇ ਹੋਣ ਕਾਰਨ ਆਪਣੇ ਬੱਚਿਆ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਬੱਚੇ ਸੋਸ਼ਲ ਮੀਡੀਆਂ ਤੋਂ ਜ਼ਿਆਦਾ ਪ੍ਰਭਾਵਿਤ ਹੋਣ ਲੱਗ ਪਏ ਅਤੇ ਉਹਨਾਂ ਨੂੰ ਦੂਰ ਦੇ ਢੋਲ ਸੁਹਾਵਣੇ ਲੱਗਣ ਲੱਗ ਪਏ। ਭਾਵ ਬਾਹਰ ਜਾਣ ਦੀ ਤੀਬਰਤਾ ਵਧਣ ਲਗ ਗਈ ਅਤੇ ਆਪਣੀ ਧਰਤੀ ਨਾਲ ਮੋਹ ਘੱਟਣ ਲੱਗ ਗਿਆ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਬਾਹਰ ਜਾਣ ਲੱਗ ਪਏ। ਜਿਸ ਤੋਂ ਆਇਲੈਟਸ ਕਰਾਉਣ ਵਾਲੇ ਅਤੇ ਹੋਰ ਏਜੰਟਾਂ ਵੱਲੋਂ ਲੱਖਾਂ/ਕਰੋੜਾਂ ਦੀ ਕਮਾਈ ਵੀ ਕੀਤੀ ਗਈ ਅਤੇ ਕੀਤੀ ਜਾ ਰਹੀ ਹੈ। ਬਾਹਰ ਜਾਣ ਦੀ ਹੋੜ ਕਾਰਨ ਕਈ ਨੌਜਵਾਨਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ ਹਨ। ਸਰਕਾਰਾਂ ਦਾ ਰੋਲ ਵੀ ਬਹੁਤ ਜ਼ਿਆਦਾ ਸੁਚਾਰੂ ਨਹੀਂ ਰਿਹਾ। ਜਿਸ ਕਰਕੇ ਨੌਜਵਾਨਾਂ ਵਿੱਚ ਆਪਣੇ ਭਵਿੱਖ ਦੀ ਅਨਿਸਚਿਤਤਾ ਪੈਦਾ ਹੋ ਗਈ ਹੈ। ਕਈ-ਕਈ ਸਾਲ ਕਿਸੇ ਵੀ ਵਿਭਾਗ ਵਿੱਚ ਨੌਕਰੀਆਂ ਵਗੈਰਾ ਨਾ ਨਿਕਲਣਾ ਅਤੇ ਨੌਜਵਾਨਾਂ ਦਾ ਨਸ਼ਿਆਂ ਵੱਲ ਰੁਝਾਨ ਵਧ ਗਿਆ ਹੈ।

ਦੂਸਰਾ ਕਾਰਨ ਬਾਹਰਲੇ ਦੇਸ਼ਾਂ ਦਾ ਖੁੱਲ੍ਹਾਪਣ ਤੇ ਆਜਾਦੀ ਕਿਤੇ ਨਾ ਕਿਤੇ ਨੌਜਵਾਨ ਮੁੰਡੇ-ਕੁੜੀਆਂ ਨੂੰ ਚੰਗਾ ਲੱਗਦਾ ਹੈ, ਜਿਸ ਕਰਕੇ ਨੋਜਵਾਨ ਬਾਹਰਲੇ ਦੇਸ਼ਾਂ ਵੱਲ ਮੁਹਾਰਾਂ ਘੱਤ ਕੇ ਜਾ ਰਹੇ ਹਨ। ਇਸ ਤਰ੍ਹਾਂ ਲੱਗਦਾ ਜੋ ਨੌਜਵਾਨ ਵਰਗ ਇਸੇ ਤਰ੍ਹਾਂ ਦੀ ਬਾਹਰ ਜਾਂਦਾ ਰਿਹਾ ਤੇ ਇਸ ਨੂੰ ਨਾ ਰੋਕਿਆ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡਾ ਦੇਸ਼, ਸੂਬਾ ਸਿਰਫ ਬਜ਼ੁਰਗਾਂ ਦਾ ਬਣ ਕੇ ਰਹਿ ਜਾਵੇਗਾ।

ਮਾਂ-ਬਾਪ ਤੇ ਸਿੱਖਿਆ ਸੰਸਥਾਵਾਂ ਇਸ ਅਹਿਮ ਕੰਮ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ, ਬੱਚਿਆਂ ਨੂੰ ਆਪਣੇ ਦੇਸ਼ ਦੀ ਮਹੱਤਤਾ ਬਾਰੇ ਦੱਸਣ। ਦੇਸ਼ ਤੋਂ ਕੁਰਬਾਨ ਹੋਣ ਵਾਲੇ ਸ਼ਹੀਦਾਂ ਬਾਰੇ ਦੱਸਣ। ਇਥੋਂ ਭੱਜਣ ਦੀ ਬਜਾਏ ਇਸ ਦੇਸ਼ ਨੂੰ ਹੋਰ ਵੀ ਵਧੀਆ ਕਿਸ ਤਰ੍ਹਾਂ ਬਣਾਉਣਾ ਉਸ ਬਾਰੇ ਬੱਚਿਆਂ ਨੂੰ ਰੋਜ਼ ਦੀ ਸਵੇਰ ਦੀ ਸਭਾ ਵਿੱਚ ਦੱਸਣ। ਉਥੋਂ ਦੀ ਹਾਰਡ ਜ਼ਿੰਦਗੀ ਬਾਰੇ ਦੱਸਣ, ਗੈਰ-ਕਾਨੂੰਨੀ ਢੰਗ ਨਾਲ ਬਾਹਰਲੇ ਦੇਸ਼ਾਂ ਵਿੱਚ ਦਾਖਲ ਹੋਣਾ ਆਪਣੀ ਜਾਨ ਨੂੰ ਖਤਰੇ ਵਿੱਚ ਪਾਉਣਾ ਹੈ।

**-ਰਣਬੀਰ ਸਿੰਘ ਪੀ.ਪੀ.ਐੱਸ. ਕਪੂਰਥਲਾ**

# ਔਰਤਾਂ ਲਈ ਰਾਖਵਾਂਕਰਨ : ਊਠ ਦਾ ਬੁੱਲ੍ਹ ਕਦੋਂ ਡਿੱਗੇਗਾ ?



ਗੁਰਮੀਤ ਸਿੰਘ ਪਲਾਹੀ

ਔਰਤਾਂ ਲਈ ਦੇਸ਼ ਦੀ ਲੋਕ ਸਭਾ ਅਤੇ ਦੇਸ਼ ਦੀਆਂ ਵਿਧਾਨ ਸਭਾਵਾਂ ਵਿੱਚ ਰਾਖਵੇਂਕਰਨ ਉਤੇ ਪਹਿਲੀ ਵੇਰ 30 ਵਰ੍ਹੇ ਪਹਿਲਾਂ ਵਿਚਾਰ-ਚਰਚਾ ਸ਼ੁਰੂ ਹੋਈ, ਪਰ ਰਾਖਵੇਂਕਰਨ ਦਾ ਵਿਚਾਰ ਹਾਲੀ ਤੱਕ ਵੀ ਵਿਚਾਰ ਬਣਿਆ ਹੀ ਨਜ਼ਰ ਆਉਂਦਾ ਹੈ, ਹਾਲਾਂਕਿ ਰਾਖਵੇਂਕਰਨ ਸੰਬੰਧੀ ਬਿੱਲ ਲੋਕ ਸਭਾ, ਰਾਜ ਸਭਾ ਵਿੱਚ ਪਾਸ ਵੀ ਕਰ ਦਿੱਤਾ ਗਿਆ ਹੈ।

ਕੀ ਇਹ ਕਾਨੂੰਨ 2024 ਦੀਆਂ ਚੋਣ 'ਚ ਲਾਗੂ ਹੋ ਜਾਏਗਾ? ਸਪੱਸ਼ਟ ਉੱਤਰ ਹੈ, 'ਨਹੀਂ'। ਸਿਆਸੀ ਮਾਹਰਾਂ ਅਨੁਸਾਰ ਸ਼ਾਇਦ ਇਹ 2029 ਦੀਆਂ ਚੋਣਾਂ ਵੇਲੇ ਵੀ ਲਾਗੂ ਨਾ ਹੋ ਸਕੇ। ਤਾਂ ਫਿਰ ਆਖ਼ਿਰ ਲੋਕ ਸਭਾ ਦਾ ਵਿਸ਼ੇਸ਼ ਅਜਲਾਸ ਸੱਦ ਕੇ ਇਹ ਕਾਨੂੰਨ ਬਣਾਉਣ ਦੀ ਐਡੀ ਕਾਹਲੀ ਕਿਉਂ ਕੀਤੀ ਗਈ?

ਕੀ ਇਹ ਸਿਰਫ਼ ਤੇ ਸਿਰਫ਼ 2024 'ਚ ਭਾਜਪਾ ਵੱਲੋਂ ਚੋਣ ਜਿੱਤਣ ਲਈ ਔਰਤਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਇੱਕ ਜੁਮਲਾ ਤਾਂ ਨਹੀਂ, ਜਿਵੇਂ ਕਿ ਬਹੁਤੇ ਸਿਆਣੇ ਲੋਕਾਂ ਦਾ ਵਿਚਾਰ ਹੈ, ਤਾਂ ਉਤਰ ਮਿਲਣਾ ਚਾਹੀਦਾ ਹੈ, 'ਹਾਂ, ਇਹ ਸੱਚ ਹੈ।'

ਜੋ ਐਕਟ ਔਰਤਾਂ ਦੇ ਰਾਖਵੇਂਕਰਨ ਦਾ ਦੋਵਾਂ ਸਦਨਾਂ 'ਚ ਪਾਸ ਹੋਇਆ ਹੈ, ਉਹ ਸੰਵਿਧਾਨ ਵਿੱਚ 128 ਵੀਂ ਸੋਧ ਹੈ ਅਤੇ ਉਸ ਵਿਚ ਇਕ ਧਾਰਾ 334 ਏ ਜੋੜੀ ਗਈ ਹੈ, ਜਿਸ ਅਨੁਸਾਰ ਹੁਣ ਤੋਂ ਬਾਅਦ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ ਅਤੇ ਇਸ ਦੇ ਛਾਪੇ ਜਾਣ ਵਾਲੇ ਅੰਕੜਿਆਂ ਤੋਂ ਬਾਅਦ ਇਹ ਐਕਟ ਲਾਗੂ ਹੋਏਗਾ।

ਮਰਦਮਸ਼ੁਮਾਰੀ 2021 ਵਿੱਚ ਹੋਣੀ ਸੀ, ਉਹ ਕੋਰੋਨਾ ਆਫ਼ਤ ਕਾਰਨ ਹੋ ਨਹੀਂ ਸਕੀ। ਹੁਣ ਇਹ 2026 'ਚ ਕਰਾਉਣ ਦੀ ਸਰਕਾਰ ਦੀ ਕੱਚੀ-ਪੱਕੀ ਯੋਜਨਾ ਹੈ। ਇਸ ਤੋਂ ਬਾਅਦ ਦੋ ਸਾਲਾਂ 'ਚ ਅੰਕੜੇ ਤਿਆਰ ਹੋਣਗੇ, ਫਿਰ ਅੰਕੜੇ ਪ੍ਰਕਾਸ਼ਤ ਹੋਣਗੇ। ਭਾਵ 2029 ਚੋਣ ਤੋਂ ਪਹਿਲਾਂ ਮਸਾਂ ਹੀ ਇਹ ਬਿੱਲ ਪ੍ਰਭਾਵੀ ਹੋਏਗਾ, ਜੇਕਰ ਇਸ ਵਿੱਚ ਹੋਰ ਕੋਈ ਵਿਘਨ ਨਾ ਪਿਆ ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਸਰਕਾਰ ਸੱਚਮੁੱਚ ਇਹ ਰਾਖਵਾਂਕਰਨ ਲਾਗੂ ਕਰਨਾ ਚਾਹੁੰਦੀ ਹੈ ਤਾਂ ਹੁਣੇ ਹੀ ਇਸ ਨੂੰ ਲਾਗੂ ਕਰਨ ਵਿੱਚ ਦਿੱਕਤ ਕੀ ਹੈ? ਪਹਿਲਾਂ ਹੀ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ 'ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਹੈ। ਇਸ ਸੰਬੰਧੀ ਵੋਟਰ ਸੂਚੀਆਂ ਤੇ ਰਾਖਵਾਂਕਰਨ ਸੂਚੀਆਂ ਬਣੀਆਂ ਹੋਈਆਂ ਹਨ, ਫਿਰ ਔਰਤਾਂ ਦੇ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ 33 ਫੀਸਦੀ ਰਾਖਵਾਂਕਰਨ ਲਾਗੂ ਕਰਕੇ ਹੁਣ ਤੋਂ 2024 ਲੋਕ ਸਭਾ ਚੋਣਾਂ ਇਸੇ ਅਨੁਸਾਰ ਸੀਟਾਂ ਰਾਖਵੀਆਂ ਕਰਕੇ ਚੋਣ ਕਰਾਉਣ 'ਚ ਰੁਕਾਵਟ ਤਾਂ ਨਹੀਂ ਆਉਣੀ ਚਾਹੀਦੀ।

ਮੋਦੀ ਸਰਕਾਰ ਨੇ ਇਹ ਬਿੱਲ ਪਾਸ ਤਾਂ ਕਰਵਾ ਲਏ, ਪਰ ਇਸ ਵਿੱਚ ਜੋ ਰੁਕਾਵਟਾਂ ਲਾਗੂ ਕਰਨ ਲਈ ਲਾਜ਼ਮੀ ਹਨ, ਉਹਨਾਂ ਪ੍ਰਤੀ ਚੁੱਪੀ ਵੱਟੀ ਹੋਈ ਹੈ। ਪ੍ਰਧਾਨ ਮੰਤਰੀ ਨੇ ਵਾਹ-ਵਾਹ ਖੱਟਣ ਲਈ ਇਸ ਬਿੱਲ ਦੀ ਵੱਡੀ ਚਰਚਾ ਕੀਤੀ, ਪਰ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਮਰਦਮਸ਼ੁਮਾਰੀ ਕਦੋਂ ਹੋਏਗੀ? ਉਪਰੰਤ ਹੋਰ ਰੁਕਾਵਟਾਂ ਕਦੋਂ ਦੂਰ ਹੋਣਗੀਆਂ। ਭਾਵ ਕੋਈ ਸਮਾਂ-ਸੀਮਾਂ ਤਹਿ ਕਰਨ ਲਈ ਸਰਕਾਰ ਵੱਲੋਂ ਕੋਈ ਬਚਨ, ਕੋਈ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਇਹ ਕਾਨੂੰਨ ਤੁਰੰਤ ਲਾਗੂ ਕਰਨ ਲਈ ਕੋਈ ਆਪਣੀ ਇੱਛਾ-ਸ਼ਕਤੀ ਪ੍ਰਗਟ ਕੀਤੀ ਗਈ ਹੈ।

ਸਥਾਨਕ ਸਰਕਾਰ ਭਾਵ ਪੰਚਾਇਤਾਂ 'ਚ ਔਰਤਾਂ ਦੇ 33 ਫੀਸਦੀ ਰਾਖਵੇਂਕਰਨ ਲਈ ਪ੍ਰਧਾਨ ਮੰਤਰੀ ਰਜੀਵ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਸਿਮਹਾ ਰਾਉ ਨੇ ਬਿੱਲ ਪਾਸ ਕਰਵਾਏ, ਕਾਨੂੰਨ ਬਣਾਏ ਸਨ ਅਤੇ ਇਹ ਤੁਰੰਤ ਲਾਗੂ ਹੋ ਗਏ ਸਨ, ਜਿਸ ਦੀ ਬਦੌਲਤ 1,30,000 ਔਰਤਾਂ ਪੰਚਾਇਤਾਂ, ਨਗਰ ਪਾਲਿਕਾ, ਨਗਰ ਨਿਗਮਾਂ 'ਚ ਰਾਖਵਾਂਕਰਨ ਲੈ ਰਹੀਆਂ ਹਨ।

ਜੇਕਰ ਸੱਚੀ-ਮੁੱਚੀ ਮੌਜੂਦਾ ਸਰਕਾਰ ਔਰਤਾਂ ਦੇ ਹਾਲਾਤ ਸੁਧਾਰਨ ਬਾਰੇ, ਉਹਨਾ ਨੂੰ ਸਿਆਸਤ ਵਿੱਚ ਵੱਡਾ ਭਾਈਵਾਲ ਬਣਾਉਣ ਬਾਰੇ ਚਿੰਤਤ ਹੈ, ਤਾਂ ਰਾਖਵੇਂਕਰਨ ਦੇ ਮਾਮਲੇ 'ਚ ਤੁਰੰਤ ਕਦਮ ਪੁੱਟੇ ਜਾਣ ਦੀ ਲੋੜ ਇਸ ਵੇਲੇ ਹੋਰ ਵੀ ਵਧੇਰੇ ਮਹਿਸੂਸ ਕੀਤੀ ਜਾ ਰਹੀ ਹੈ, ਜਦੋਂ ਕਿ ਉਹਨਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ ਵਿੱਚ ਸਿਆਸੀ ਪਾਰਟੀਆਂ ਵੱਲੋਂ ਸਹੀ ਸਥਾਨ ਦੇ ਕੇ ਚੋਣਾਂ ਨਹੀਂ ਲੜਾਈਆਂ ਜਾ ਰਹੀਆਂ, ਕਿਉਂਕਿ ਲਗਭਗ ਸਾਰੀਆਂ ਸਿਆਸੀ ਧਿਰਾਂ ਤਾਕਤ ਪ੍ਰਾਪਤੀ ਲਈ ਧਨ-ਕੁਬੇਰਾਂ ਅਤੇ ਅਪਰਾਧਿਕ ਪਿੱਠ ਭੂਮੀ ਵਾਲੇ ਬਾਹੂਬਲੀ ਲੋਕਾਂ ਨੂੰ ਟਿਕਟਾਂ ਦੇ ਕੇ (ਇੱਕ ਰਿਪੋਰਟ ਅਨੁਸਾਰ ਇਕੱਲੀ ਭਾਰਤੀ ਲੋਕ ਸਭਾ ਵਿੱਚ 45 ਫੀਸਦੀ ਤੋਂ ਵੱਧ ਮੈਂਬਰ ਪਾਰਲੀਮੈਂਟ ਬੈਠੇ ਹਨ, ਜਿਹਨਾਂ ਵਿਰੁੱਧ ਅਪਰਾਧਿਕ, ਗੰਭੀਰ ਅਪਰਾਧਿਕ ਮਾਮਲੇ ਦਰਜ ਹਨ) ਚੋਣਾਂ ਜਿੱਤਦੀਆਂ ਹਨ। ਇਹ ਚੰਗੀ ਗੱਲ ਹੈ ਕਿ ਅਪਰਾਧਿਕ ਮਾਮਲਿਆਂ ਵਾਲੀ ਪਿੱਠ ਭੂਮੀ ਵਾਲੀਆਂ ਔਰਤਾਂ ਇਸ ਗਿਣਤੀ-ਮਿਣਤੀ ਵਿੱਚ ਸ਼ਾਮਲ ਨਹੀਂ ਹਨ।

ਔਰਤਾਂ ਲਈ ਰਾਖਵਾਂਕਰਨ ਆਖ਼ਰ ਜ਼ਰੂਰੀ ਕਿਉਂ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਗਿਣਤੀ ਲਗਭਗ ਅੱਧੀ ਹੈ। 75 ਸਾਲਾਂ ਵਿੱਚ 7500 ਮੈਂਬਰ ਪਾਰਲੀਮੈਂਟ ਚੁਣੇ ਗਏ, ਜਿਹਨਾਂ ਵਿਚੋਂ ਮੌਜੂਦਾ 542 ਲੋਕ ਸਭਾ ਮੈਂਬਰਾਂ ਵਿੱਚ ਸਿਰਫ਼ 78 ਔਰਤਾਂ ਹਨ। ਰਾਜ ਸਭਾ ਵਿੱਚ ਤਾਂ ਸਿਰਫ਼ 24 ਹਨ, ਪਰ ਦੇਸ਼ ਦੀ ਨੀਤੀ ਨਿਰਧਾਰਨ 'ਚ ਉਹਨਾਂ ਦੀ ਭੂਮਿਕਾ ਨਾਂਹ ਦੇ ਬਰਾਬਰ ਹੈ। ਅਸਲ 'ਚ ਭਾਰਤੀ ਸਮਾਜ ਵਿੱਚ ਔਰਤਾਂ ਨੂੰ ਸਮਾਜਕ ਅਤੇ ਸੰਸਕ੍ਰਿਤਕ ਜ਼ੁੰਮੇਵਾਰੀਆਂ ਦੇ ਕੇ ਘਰਾਂ ਤੱਕ ਸੀਮਤ ਕੀਤਾ ਹੋਇਆ ਹੈ। ਇਥੇ ਹੀ ਔਰਤਾਂ ਨਾਲ ਨਾ-ਬਰਾਬਰੀ ਸ਼ੁਰੂ ਹੁੰਦੀ ਹੈ।

ਆਓ, ਭਾਰਤ ਦੇ ਪਿਛੋਕੜ ਅਤੇ ਇਸ ਸਮਾਜ ਵਿੱਚ ਔਰਤਾਂ ਦੀ ਸਥਿਤੀ 'ਤੇ ਝਾਤ ਮਾਰੀਏ। ਆਦਮ ਯੁੱਗ ਵਿੱਚ ਔਰਤ ਪ੍ਰਧਾਨ ਸਮਾਜ ਸੀ, ਜਿਸ ਵਿੱਚ ਨਾਰੀ ਦੀ ਦਸ਼ਾ ਸੁਖਾਲੀ ਸੀ। ਵੈਦਿਕ ਯੁੱਗ ਵਿੱਚ ਨਾਰੀ ਨੂੰ ਸਮਾਨਤਾ ਦੇ ਅਧਿਕਾਰ ਸਨ। ਵੈਦਿਕ ਯੁੱਗ ਤੋਂ ਬਾਅਦ ਉੱਤਰ ਵੈਦਿਕ ਯੁੱਗ 'ਚ ਨਾਰੀ ਦੀ ਸਥਿਤੀ ਵਿੱਚ ਗਿਰਾਵਟ ਆਉਣੀ ਸ਼ੁਰੂ ਹੋਈ। ਬ੍ਰਾਹਮਣਵਾਦ ਦਾ ਜ਼ੋਰ ਵਧਿਆ। ਜਾਤਪਾਤ ਦਾ ਸੰਕਲਪ ਆਇਆ, ਇਸ ਉਪਰੰਤ ਨਾਰੀ ਦੀ ਦਸ਼ਾ ਤਰਸਯੋਗ ਹੋ ਗਈ। ਮਨੂ ਸਿਮਰਤੀ ਅਨੁਸਾਰ ਨਾਰੀ ਸਭ ਕਸ਼ਟਾਂ ਦਾ ਕਾਰਨ ਹੈ, ਨਾਰੀ ਦਾ ਬਚਪਨ ਪਿਤਾ ਅਧੀਨ, ਜਵਾਨੀ ਪਤੀ ਅਧੀਨ ਅਤੇ ਬੁਢਾਪਾ ਪੁੱਤਰ ਅਧੀਨ ਰਹਿਣਾ ਚਾਹੀਦਾ ਹੈ। ਇਸਤਰੀ ਨੂੰ ਕਿਸੇ ਵੀ ਪੜਾਅ 'ਤੇ ਸੁਤੰਤਰ ਨਹੀਂ ਹੋਣਾ ਚਾਹੀਦਾ।

ਆਜ਼ਾਦੀ ਦੇ ਬਾਅਦ ਇਹ ਸੰਕਲਪ ਟੁੱਟਾ ਹੈ, ਪਰ ਹਾਲੇ ਵੀ ਮਰਦ ਪ੍ਰਧਾਨ ਸਮਾਜ 'ਚ ਉਹ ਤਕਲੀਫਾਂ-ਦੁੱਖਾਂ ਦੇ ਪਹਾੜ ਸਿਰ 'ਤੇ ਚੁੱਕੀ ਬੈਠੀ ਹੈ। ਉਸ ਦੀ ਸਮਾਜਿਕ ਅਤੇ ਆਰਥਕ ਸਥਿਤੀ ਸੁਖਾਵੀਂ ਨਹੀਂ। ਹੇਠਲੀ ਸਮਾਜਕ ਸਥਿਤੀ 'ਚ ਔਰਤਾਂ ਘਰਾਂ ਵਿੱਚ ਬੰਨ੍ਹ ਕੇ ਹੀ ਰੱਖੀਆਂ ਹੋਈਆਂ ਹਨ। ਉਹ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ। ਪੜ੍ਹ-ਲਿਖ ਕੇ ਵੀ ਘਰੇਲੂ ਜ਼ੁੰਮੇਵਾਰੀ ਤੱਕ ਸੀਮਤ ਕਰ ਦਿੱਤੀਆਂ ਜਾਂਦੀਆਂ ਹਨ, ਜੋ ਉਹਨਾਂ ਦੇ ਸਿਆਸੀ ਖੇਤਰ 'ਚ ਜਾਣ 'ਚ ਵੱਡੀ ਰੁਕਾਵਟ ਹੈ।

ਬਿਨਾਂ ਸ਼ੱਕ ਔਰਤ ਨੂੰ ਮਰਦਾਂ ਬਰੋਬਰ ਹੱਕ ਹਨ, ਪਰ ਇਹਨਾਂ ਹੱਕਾਂ ਦੇ ਮਿਲਣ ਬਾਅਦ ਵੀ ਉਹਨਾਂ ਨੂੰ ਨਾ ਜ਼ਮੀਨ-ਜਾਇਦਾਦ 'ਚ ਬਰਾਬਰ ਦਾ ਹੱਕ ਹੈ ਅਤੇ ਨਾ ਹੀ ਪੜ੍ਹਾਈ ਕਰਨ ਲਈ ਭਰਾਵਾਂ ਬਰਾਬਰ ਹੱਕ, ਪਰ ਜਿਹੜੇ ਹੱਕ ਔਰਤਾਂ ਨੂੰ ਮਿਲਣੇ ਚਾਹੀਦੇ ਹਨ, ਉਹ ਔਰਤਾਂ ਹੀ ਜਾਣ ਸਕਦੀਆ ਹਨ, ਔਰਤਾਂ ਲਈ ਲੋਕ ਸਭਾ, ਵਿਧਾਨ ਸਭਾਵਾਂ 'ਚ ਲਈ ਬਣਾਏ ਕਾਨੂੰਨ ਸੰਬੰਧੀ ਸਿਆਸੀ ਧਿਰਾਂ ਵੱਲੋਂ ਵੱਖੋ-ਵੱਖਰੇ ਸਵਾਲ ਵੀ ਉਠਾਏ ਜਾ ਰਹੇ ਹਨ ਭਾਵੇਂ ਕਿ ਸਿਆਸੀ ਧਿਰਾਂ ਵਲੋਂ ਇਸ ਕਾਨੂੰਨ ਨੂੰ ਵੱਡਾ ਸਮਰਥਨ ਮਿਲਿਆ ਹੈ। ਲੋਕ ਸਭਾ, ਵਿਧਾਨ ਸਭ ਸੀਟਾਂ ਵਿੱਚ ਐੱਸ.ਸੀ. ਵਰਗ ਲਈ ਰਾਖਵਾਂਕਰਨ ਹੈ, ਪਰ ਸਿਆਸੀ ਧਿਰਾਂਲਈ ਰਾਖਵਾਂਕਰਨ ਮੰਗ ਰਹੀਆਂ ਹਨ।

ਸਵਾਲ ਤਾਂ ਇਹ ਹੈ ਕਿ ਇਹ ਕਾਨੂੰਨ ਲਾਗੂ ਕਦੋਂ ਹੋਏਗਾ? ਕੀ ਇਹ ਕਾਨੂੰਨੀ ਪੇਚੀਦਗੀਆਂ ਵਿੱਚ ਹੀ ਤਾਂ ਨਹੀਂ ਰੁਲ ਜਾਏਗਾ? ਕੀ ਇਹ ਚੋਣ ਜੁਮਲਾ ਹੀ ਤਾਂ ਨਹੀਂ ਬਣ ਕੇ ਰਹਿ ਜਾਏਗਾ? ਕੀ ਸਰਕਾਰ ਇਸ ਨੂੰ ਲਾਗੂ ਕਰਨ ਲਈ ਸੰਜੀਦਾ ਹੋਏਗੀ ਜਾਂ ਫਿਰ ਕੀ ਇਹ ਊਠ ਦਾ ਬੁੱਲ੍ਹ ਬਣ ਕੇ ਰਹਿ ਜਾਏਗਾ, ਜਿਸ ਬਾਰੇ ਆਮ ਤੌਰ 'ਤੇ ਕਹਿ ਲਿਆ ਜਾਂਦਾ ਹੈ ਕਿ ਜਦੋਂ ਊਠ ਜੁਗਾਲੀ ਕਰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਬੁੱਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ, ਪਰ ਡਿੱਗਦਾ ਉਹ ਕਦੇ ਵੀ ਨਹੀਂ।

***# ਸੰਪਰਕ : 98158-02070***

# ਮੁਫ਼ਤਖੋਰੀ ਦਾ ਸਾਡੇ ਬੱਚਿਆਂ 'ਤੇ ਪੈ ਰਿਹਾ ਪ੍ਰਭਾਵ

**ਜਸਕਰਨ ਲੰਡੇ**

ਅੱਜ-ਕੱਲ੍ਹ ਵੋਟ ਰਾਜਨੀਤੀ ਵੱਲੋਂ ਸਾਡੇ ਦੇਸ਼ ਵਿੱਚ ਲੋਕਾਂ ਨੂੰ ਆਪਣੇ ਪਿੱਛੇ ਲਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ। ਉਹਨਾਂ ਵਿੱਚ ਇੱਕ ਦਾਅ ਇਹ ਹੈ ਕਿ ਆਪ ਖਾਓ ਤੇ ਉਂਗਲ ਚਟਾਓ। ਉਹ ਸਾਨੂੰ ਉਂਗਲ ਚਟਾ ਰਹੇ ਹਨ, ਜਿਸ ਤਹਿਤ ਅਸੀਂ ਛੋਟੇ-ਛੋਟੇ ਲਾਲਚ ਵਿੱਚ ਆ ਕਿ ਪਤਾ ਹੀ ਨਹੀਂ ਚਲਦਾ ਉਹਨਾਂ ਦੇ ਕਦੋਂ ਗੁਲਾਮਾਂ ਵਰਗੇ ਬਣ ਜਾਂਦੇ ਹਾਂ । ਸਾਡੇ ਪੰਜਾਬ ਕੋਲ ਇੱਕ ਵੱਡਮੁੱਲੀ ਚੀਜ਼ ਸੀ, ਜਿਸ ਨੂੰ ਕੰਮ-ਸੱਭਿਆਚਾਰ ਕਿਹਾ ਜਾਂਦਾ ਸੀ, ਜਿਸ ਤਹਿਤ ਪੰਜਾਬ ਨੇ ਬਹੁਤ ਤਰੱਕੀ ਕੀਤੀ। ਭੁੱਖੇ-ਤਿਹਾਏ ਰਹਿ ਰਹਿ ਸਾਡੇ ਪੁਰਖਿਆਂ ਨੇ ਟੋਏ ਟਿੱਬੇ ਪੱਧਰ ਕਰ ਉਪਜਾਊ ਜ਼ਮੀਨ ਬਣਾਈ, ਪਰ ਅੱਜ ਉਸੇ ਜ਼ਮੀਨ ਵਿਚ ਸਾਡੇ ਨੌਜਵਾਨ ਕੰਮ ਕਰਨ ਨੂੰ ਤਿਆਰ ਨਹੀਂ। ਉਲਟਾ ਬੇਗਾਨੇ ਮੁਲਕ ਵਿੱਚ ਜਾ ਕੇ ਹਰ ਕੰਮ ਕਰਦੇ ਹਨ। ਇਸ ਸਭ ਦਾ ਮੁੱਢ ਮੁਫਤਖੋਰੀ ਹੈ, ਜੋ ਸਾਨੂੰ ਆਟਾ ਦਾਲ, ਬਿਜਲੀ, ਸ਼ਗਨ ਸਕੀਮ ਇਥੋਂ ਤੱਕ ਕਿ ਫ੍ਰੀ ਵਿਚ ਲਗਦੇ ਲੰਗਰ ਆਦਿ ਨੇ ਸਾਨੂੰ ਹੱਡ ਹਰਾਮੀ ਬਣਾ ਦਿੱਤਾ ਹੈ, ਇਸ ਦਾ ਪ੍ਰਭਾਵ ਮੈਂ ਬੱਚਿਆਂ ਵਿੱਚ ਜੋ ਦੇਖਿਆ ਉਹ ਇਹ ਸੀ:

ਪਿਛਲੇ ਦਿਨੀ ਤਰਕਸ਼ੀਲ ਸੁਸਾਇਟੀ ਨੇ ਪੰਜਵਾਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਪੇਪਰ ਲੈਣਾ ਸੀ, ਸਾਡੀ ਇਕਾਈ ਨੇ ਸਾਰੇ ਮੈਂਬਰ ਸਹਿਬਾਨਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਕਿ ਆਪੋ-ਆਪਣੇ ਨੇੜਲੇ ਸਕੂਲਾਂ ਵਿੱਚ ਜਾ ਕੇ ਸੰਪਰਕ ਕਰੋ, ਤਾਂ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਇਸ ਪ੍ਰੀਖਿਆ ਵਿਚ ਸ਼ਾਮਲ ਕੀਤਾ ਜਾਵੇ। ਮੈਨੂੰ ਲੱਗਦਾ ਸੀ ਕਿ ਮੇਰੇ ਤਾਂ ਦੋਸਤ ਬਹੁਤ ਅਧਿਆਪਕ ਹਨ। ਮੈਂ ਬਹੁਤ ਬੱਚਿਆਂ ਤੋਂ ਇਹ ਪ੍ਰੀਖਿਆ ਦਵਾ ਸਕਦਾ ਹਾਂ। ਮੈਂ ਇਸ ਕੰਮ ਵਿੱਚ ਜੁਟ ਗਿਆ। ਆਪਣੇ ਇਕ ਮੁੱਖ ਅਧਿਆਪਕ ਦੋਸਤ ਨਾਲ ਸੰਪਰਕ ਕੀਤਾ। ਉਸ ਨੇ ਇਹ ਕਹਿੰਦਿਆਂ ਮੈਨੂੰ ਜਵਾਬ ਦਿੱਤਾ ਕਿ ਮੇਰੇ ਕੋਲ ਬਹੁਤ ਗਰੀਬ ਘਰਾਂ ਦੇ ਬੱਚੇ ਹਨ, ਉਹ ਤੁਹਾਡੀ ਕਿਤਾਬ ਦੀ ਕੀਮਤ, ਜੋ ਕਿ ਸਿਰਫ ਚਾਲੀ ਰੁਪਏ ਸੀ, ਉਹ ਨਹੀਂ ਦੇ ਸਕਦੇ।

ਦੂਸਰੇ ਅਧਿਆਪਕ ਨਾਲ ਸੰਪਰਕ ਕੀਤਾ, ਉਹਨੇ ਵੀ ਪਹਿਲਾਂ ਇਹੋ ਕਿਹਾ ਕਿ ਬੱਚਿਆਂ ਦੇ ਮਾਪਿਆਂ ਨੇ ਤੁਹਾਡੀ ਕਿਤਾਬ ਦੇ ਪੈਸੇ ਨਹੀਂ ਭਰਨੇ। ਮੈਂ ਉਸ ਨੂੰ ਭੱਜਣ ਨਹੀਂ ਸੀ ਦੇਣਾ ਚਾਹੁੰਦਾ। ਮੈਂ ਉਸ ਨੂੰ ਕਿਹਾ ਕਿ ਸਭ ਕੁਝ ਮੁਫਤ ਸਾਰੇ ਪੈਸੇ ਮੈਂ ਆਪਣੇ ਕੋਲੋਂ ਭਰ ਦੇਵਾਂਗਾ, ਬੱਚੇ ਦੱਸੋਂ ਕਿੰਨੇ ਤਿਆਰ ਕਰੋਗੇ। ਕੁਝ ਦਿਨ ਬਾਅਦ ਉਸ ਦਾ ਸਾਥੀ ਅਧਿਆਪਕ ਮਿਲਿਆ, ਮੈਂ ਉਸ ਨੂੰ ਪੁੱਛਿਆ ਤਾਂ ਉਸ ਨੇ ਕਿਹਾ, ਕਿਤਾਬਾਂ ਤਾਂ ਕਿਸੇ ਬੱਚੇ ਨੂੰ ਦਿੱਤੀਆਂ ਹੀ ਨਹੀਂ। ਮੈਨੂੰ ਤਾਂ ਲਗਦਾ ਉਹ ਤੁਹਾਡੀਆਂ ਕਿਤਾਬਾਂ ਵਾਪਸ ਕਰੇਗਾ। ਮੈਂ ਉਸ ਨੂੰ ਕਿਹਾ-ਤੁਸੀਂ ਇਹ ਜ਼ਿੰਮੇਵਾਰੀ ਲੈ ਲਓ, ਤੁਸੀਂ ਵੱਧ ਤੋਂ ਵੱਧ ਬੱਚੇ ਤਿਆਰ ਕਰੋ। ਉਸ ਅਧਿਆਪਕ ਨੇ ਜ਼ਿੰਮੇਵਾਰੀ ਲਈ ਤੇ ਜਿੰਨੀਆਂ ਮੈਂ ਕਿਤਾਬਾਂ ਦਿੱਤੀਆਂ ਸਨ, ਉਸ ਤੋਂ ਵੀ ਵਧੇਰੇ ਬੱਚਿਆਂ ਤੋਂ ਪੇਪਰ ਦਿਵਾਏ।

ਹੁਣ ਮੈਨੂੰ ਪਿਛਲੀ ਵਾਰ ਦੀ ਇੱਕ ਯਾਦ ਚੇਤੇ ਆਈ, ਉਸ ਸਾਲ ਵੀ ਮੈਂ ਸਰਕਾਰੀ ਸਕੂਲ 'ਚੋਂ ਬੱਚਿਆਂ ਤੋਂ ਇਹੀ ਪੇਪਰ ਦਵਾਇਆ ਸੀ, ਉਸ ਸਾਲ ਵੀ ਬੱਚਿਆਂ ਨੇ ਪੈਸੇ ਨਹੀਂ ਸੀ ਭਰੇ, ਪਰ ਜਦੋਂ ਮੈਂ ਉਹਨਾਂ ਬੱਚਿਆਂ ਨੂੰ ਪੇਪਰ ਦਵਾਉਣ ਲਈ ਦੂਜੇ ਪਿੰਡ ਲੈ ਕਿ ਗਿਆ ਤਾਂ ਬੱਚਿਆਂ ਨੇ ਪੇਪਰ ਦਿੱਤਾ। ਓਥੇ ਅਸੀਂ ਬੱਚਿਆਂ ਦੇ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ ਸੀ। ਪੇਪਰ ਦੇ ਕੇ ਮੁੜ ਰਹੇ ਬੱਚਿਆਂ ਨੇ ਮੈਨੂੰ ਰਸਤੇ ਵਿੱਚ ਗੱਡੀ ਰੋਕਣ ਲਈ ਕਿਹਾ, ਮੈਂ ਗੱਡੀ ਰੋਕੀ ਤਾਂ ਹਰ ਬੱਚੇ ਨੇ ਤਕਰੀਬਨ ਪੰਜਾਹ-ਪੰਜਾਹ ਰੁਪਏ ਦਾ ਖਾਣ ਲਈ ਸਮਾਨ ਲਿਆਂਦਾ ਸੀ। ਮੈਨੂੰ ਯਾਦ ਹੈ ਉਹਨਾਂ ਬੱਚਿਆਂ ਨੇ ਵੀ ਕਿਤਾਬਾਂ ਦੇ ਪੈਸੇ ਨਹੀਂ ਸੀ ਦਿੱਤੇ।

ਮੇਰਾ ਇਥੇ ਦੱਸਣ ਦਾ ਭਾਵ ਹੈ ਕਿ ਇਹ ਨਹੀਂ ਕਿ ਬੱਚਿਆਂ ਕੋਲ ਪੈਸੇ ਨਹੀਂ ਹੁੰਦੇ ਜਾਂ ਉਹਨਾਂ ਦੇ ਮਾਪੇ ਇਹ ਪੈਸੇ ਨਹੀਂ ਦੇ ਸਕਦੇ। ਉਹ ਦੇ ਸਕਦੇ ਐ। ਸਰਕਾਰ ਦੀਆਂ ਮੁਫਤ ਵਾਲੀਆਂ ਸਕੀਮਾਂ ਨੇ ਬੱਚਿਆਂ ਦੇ ਮਨਾਂ ਵਿਚ ਇਹ ਗੱਲ ਬਿਠਾ ਦਿੱਤੀ ਹੈ ਕਿ ਸਰਕਾਰੀ ਸਕੂਲਾਂ ਵਿੱਚ ਸਭ ਮੁਫਤ ਮਿਲਦਾ ਹੈ। ਇਹਨਾਂ ਸਕੀਮਾਂ ਨੇ ਬੱਚਿਆਂ ਨੂੰ ਵੀ ਮੁਫਤਖੋਰੇ ਬਣਾ ਦਿੱਤਾ ਹੈ।

ਹੁਣ ਜਦੋਂ ਅਸੀਂ ਪੇਪਰ ਲੈ ਲਏ ਤਾਂ ਸਾਡੀ ਮੀਟਿੰਗ ਹੋਈ, ਜਿਸ ਵਿੱਚ ਅਸੀਂ ਇਸੇ ਪੇਪਰ 'ਤੇ ਚਰਚਾ ਕੀਤੀ। ਓਥੇ ਇੱਕ ਸਾਥੀ ਦਾ ਕਹਿਣਾ ਸੀ ਕਿ ਸਰਕਾਰ ਦੀਆਂ ਮੁਫਤ ਸਹੂਲਤਾਂ ਨੇ ਸਾਡੇ ਸਮਾਜ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਮੰਗਤੇ ਬਣਾ ਦੇਣੀਆਂ ਹਨ ਤੇ ਕੁਝ ਮੁਲਾਜ਼ਮਾਂ ਨੇ ਤਾਂ ਸਰਕਾਰ ਤੋਂ ਸਿਰਫ ਤਨਖਾਹ ਲੈਣਾ ਹੀ ਮੁੱਖ ਰੱਖਿਆ ਹੈ, ਉਹ ਬੱਚਿਆਂ ਦੇ ਭਵਿੱਖ ਲਈ ਵਾਧੂ ਕੁਝ ਵੀ ਨਹੀਂ ਕਰ ਰਹੇ। ਸ਼ਾਇਦ ਉਹ ਸੋਚਦੇ ਹੈ ਕਿ ਸਾਨੂੰ ਤਨਖਾਹ ਮਿਲਦੀ ਹੈ, ਅਸੀਂ ਕੀ ਲੈਣਾ ਹੈ ਸਮਾਜ ਤੋਂ? ਸਾਡੇ ਬੱਚੇ ਤਾਂ ਵਿਦੇਸ਼ਾਂ ਵਿੱਚ ਸੈੱਟ ਹਨ, ਅਸੀਂ ਇਸ ਸਮਾਜ ਤੋਂ ਕੀ ਲੈਣਾ ? ਸ਼ਾਲਾ ! ਸਾਡੇ ਅਧਿਆਪਕ ਪਹਿਲਾਂ ਦੀ ਤਰ੍ਹਾਂ ਗੁਰੂ ਬਣ ਜਾਣ, ਨਾ ਕੇ ਸਰਕਾਰੀ ਮੁਲਾਜ਼ਮ।

***# ਸੰਪਰਕ : 94171-03413***

# ਮਹਾਤਮਾ ਗਾਂਧੀ ਬਨਾਮ ਅੰਬੇਡਕਰ

**ਮਾ: ਹਰਭਿੰਦਰ ਸਿੰਘ ਮੁੱਲਾਂਪੁਰ**

ਮੋਹਨ ਦਾਸ ਕਰਮ ਚੰਦ ਗਾਂਧੀ ਨੂੰ ਮਹਾਤਮਾ ਦਾ ਦਰਜਾ ਪ੍ਰਾਪਤ ਹੈ ਤਾਂ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਸੰਸਾਰ ਭਰ ਵਿੱਚ ਦੱਬੇ-ਕੁਚਲੇ ਲੋਕਾਂ ਦੇ ਮਸੀਹਾ ਵਜੋਂ ਜਾਣਿਆ ਜਾਂਦਾ ਹੈ। ਭਾਰਤ ਦੇ ਸਮਾਜਿਕ ਤੇ ਰਾਜਨੀਤਕ ਗਲਿਆਰਿਆਂ ਵਿੱਚ ਇਨ੍ਹਾਂ ਦੋਨਾਂ ਸ਼ਖਸੀਅਤਾਂ ਦੀ ਵਿਚਾਰਧਾਰਾ ਅੰਤਰ ਵਿਰੋਧੀ ਰਹੀ ਹੈ। ਅਜੋਕੇ ਭਾਰਤ ਵਿੱਚ ਦੋਨਾਂ ਦੇ ਪੈਰੋਕਾਰ ਹਨ, ਗਾਂਧੀਵਾਦੀ ਤੇ ਅੰਬੇਡਕਰਵਾਦੀ। ਦੋਨੋਂ ਤਬਕਿਆਂ ਵਿੱਚ ਵਿਚਾਰਧਾਰਕ ਮੱਤਭੇਦ ਨਿਰੰਤਰ ਕ੍ਰਿਆਸ਼ੀਲ ਹਨ, ਜਿਵੇਂ ਸ਼ਾਸਕ ਤੇ ਸ਼ੋਸ਼ਿਤ ਵਿੱਚ ਹਮੇਸ਼ਾ ਵਿਰੋਧੀ ਸੁਰਾਂ ਪਨਪਦੀਆਂ ਰਹਿੰਦੀਆਂ ਹਨ।

ਮਹਾਤਮਾ ਗਾਂਧੀ ਜਾਤੀਗਤ ਪਿਰਾਮਿਡ ਨੂੰ ਭਾਰਤ ਦੀ ਸਮਾਜਿਕ ਵਿਵਸਥਾ ਦਾ ਅਧਾਰ ਮੰਨਦਾ ਸੀ। ਮਹਾਤਮਾ ਗਾਂਧੀ ਨੇ ਗੁਜਰਾਤੀ ਰਸਾਲੇ ਨਵਜੀਵਨ ਵਿੱਚ ਲਿਖਿਆ ਸੀ, 'ਮੇਰਾ ਵਿਸ਼ਵਾਸ ਹੈ ਕਿ ਜੇ ਹਿੰਦੂ ਸਮਾਜ ਆਪਣੇ ਪੈਰਾਂ ਉੱਪਰ ਖੜ੍ਹ ਸਕਿਆ ਹੈ ਤਾਂ ਇਸ ਦੀ ਨੀਂਹ ਜਾਤੀ ਵਿਵਸਥਾ ਉੱਪਰ ਰੱਖੀ ਗਈ ਹੈ। ਵਿਰਾਸਤੀ ਸਿਧਾਂਤ ਇੱਕ ਸਦੀਵੀ ਸਿਧਾਂਤ ਹੈ। ਇਸ ਨੂੰ ਬਦਲਣ ਨਾਲ ਗੜਬੜ ਪੈਦਾ ਹੋ ਜਾਵੇਗੀ। ਮੇਰੇ ਲਈ ਬ੍ਰਾਹਮਣ ਹੋਣ ਦਾ ਕੀ ਲਾਭ, ਜੇ ਮੈਂ ਉਸ ਨੂੰ ਪੂਰੀ ਜ਼ਿੰਦਗੀ ਬ੍ਰਾਹਮਣ ਨਾ ਕਹਿ ਸਕਾਂ। ਜੇ ਨਿੱਤ ਦਿਨ ਕਿਸੇ ਬ੍ਰਾਹਮਣ ਨੂੰ ਸ਼ੂਦਰ ਬਣਾ ਦਿੱਤਾ ਜਾਵੇ ਅਤੇ ਸ਼ੂਦਰ ਨੂੰ ਬ੍ਰਾਹਮਣ ਤਾਂ ਅਜਿਹਾ ਕਰਨ ਨਾਲ ਅਰਾਜਕਤਾ ਫੈਲ ਜਾਵੇਗੀ।' ਮਹਾਤਮਾ ਇੱਕ ਪਾਸੇ ਜਾਤੀ ਪ੍ਰਥਾ ਦੇ ਹਾਮੀ ਸਨ ਤਾਂ ਦੂਜੇ ਪਾਸੇ ਜਾਤੀਆਂ ਵਿੱਚ ਊਚ-ਨੀਚ ਦੇ ਨਿੰਦਕ ਵੀ ਸਨ।

ਜਦਕਿ ਅੰਬੇਡਕਰ ਨੇ 1916 ਵਿੱਚ ਕੋਲੰਬੀਆ ਯੂਨੀਵਰਸਿਟੀ ਦੇ ਸੈਮੀਨਾਰ ਵਾਸਤੇ 'ਭਾਰਤ ਵਿੱਚ ਜਾਤੀਆਂ' ਦੇ ਨਾਂ ਦਾ ਇੱਕ ਲੇਖ ਲਿਖਿਆ ਅਤੇ ਜਾਤੀ ਦੀ ਪ੍ਰੀਭਾਸ਼ਾ ਦਿੰਦਿਆਂ ਆਖਿਆ, 'ਇਹ ਇੱਕ ਐਸੀ ਵਿਵਸਥਾ ਹੈ, ਜਿਸ ਵਿੱਚ ਜਿਨਾ ਤੁਸੀਂ ਉੱਪਰ ਜਾਂਦੇ ਹੋ (ਵਰਣ ਵਿਵਸਥਾ) ਮਾਣ-ਸਨਮਾਨ ਵਧਦਾ ਜਾਂਦਾ ਹੈ, ਜਿੰਨਾ ਹੇਠਾਂ ਨੂੰ ਜਾਂਦੇ ਹੋ ਘਿਰਣਾ ਅਪਮਾਨ ਵਧਦਾ ਜਾਂਦਾ ਹੈ।' ਭੀਮ ਰਾਓ ਅੰਬੇਡਕਰ ਦਾ ਪ੍ਰਤੀਕਰਮ ਸੀ ਕਿ ਜਾਤੀਵਾਦ ਦਾ ਬੀਜ ਨਾਸ਼ ਹੀ ਮਨੁੱਖਤਾ ਪ੍ਰਤੀ ਸਰਵ-ਕਲਿਆਣਕਾਰੀ ਪਹੁੰਚ ਹੈ।

ਭਾਰਤੀ ਸਮਾਜਿਕ ਵਿਵਸਥਾ ਚਾਰ ਵਰਣਾਂ; ਬ੍ਰਾਹਮਣ,ਖੱਤਰੀ,ਵੈਸ਼ ਅਤੇ ਸ਼ੂਦਰ ਦੇ ਮੱਕੜਜਾਲ ਵਿੱਚੋਂ ਨਹੀਂ ਨਿਕਲਣਾ ਚਾਹੁੰਦੀ, ਕਿਉਕਿ ਇਹ ਹਾਕਮ ਜਮਾਤਾਂ ਦਾ ਬ੍ਰਹਮ ਅਸਤਰ ਹੀ ਨਹੀਂ, ਬਲਕਿ ਰਾਜਨੀਤਕ ਹੱਥਕੰਡਾ ਵੀ ਹੈ।

ਇਸ ਨੂੰ ਵਿਡੰਬਨਾ ਹੀ ਕਹਾਂਗੇ ਕਿ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਬੱਚਾ-ਬੱਚਾ ਮਹਾਤਮਾ ਨੂੰ ਤਾਂ ਜਾਣਦਾ ਹੈ, ਪਰ ਮਸੀਹਾ ਤੋਂ ਅਣਜਾਣ ਹੈ। ਅੰਬੇਡਕਰ ਬਹੁਤ ਲਿਖਦੇ ਸਨ, ਬਹੁਤ ਸਾਰੀਆਂ ਕਿਤਾਬਾਂ ਦੇ ਲੇਖਕ ਹਨ, ਇਹ ਬਦਕਿਸਮਤੀ ਹੈ ਕਿ ਜਿਵੇਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਜਾਂ ਵਿਵੇਕਾਨੰਦ ਦੀਆਂ ਲਿਖੀਆਂ ਕਿਤਾਬਾਂ ਲਾਇਬ੍ਰੇਰੀਆਂ ਅਤੇ ਕਿਤਾਬਾਂ ਦੀਆਂ ਦੁਕਾਨਾਂ ਵਿੱਚ ਅਲਮਾਰੀਆਂ ਦਾ ਸ਼ਿੰਗਾਰ ਹਨ , ਅੰਬੇਡਕਰ ਦੀਆਂ ਕਿਤਾਬਾਂ ਭਾਲਿਆਂ ਵੀ ਨਹੀਂ ਮਿਲਦੀਆਂ।

ਅੰਬੇਡਕਰ ਦੀਆ ਲਿਖੀਆਂ ਕਿਤਾਬਾਂ; ਫਲਸਫਾ, ਵਿਚਾਰਧਾਰਾ ਅਤੇ ਜਾਤੀਵਾਦ ਵਿਰੋਧੀ ਭਾਸ਼ਣਾਂ ਨੂੰ ਆਮ ਲੋਕਾਂ ਵਿੱਚ ਤਾਂ ਕੀ ਬਲਕਿ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਮਹਿਜ਼ ਖਾਨਾਪੂਰਤੀ ਤੱਕ ਹੀ ਸੀਮਤ ਰੱਖਿਆ ਗਿਆ। ਕਿਉਂ ਜੋ ਅੰਬੇਡਕਰ ਵਰਣ ਵਿਵਸਥਾ ਨੂੰ ਲਲਕਾਰਦਾ ਹੈ, ਰਾਜ-ਭਾਗ ਤੇ ਸ਼ਾਸਨ ਵਿੱਚ ਬਰਾਬਰੀ ਦੀ ਮੰਗ ਕਰਦਾ ਹੈ, ਮੂਲ ਨਿਵਾਸੀ ਹੋਣ ਦੇ ਦਾਅਵੇ ਕਰਦਿਆਂ ਸੱਤਾ ਸਿੰਘਾਸ਼ਨ ਦੀ ਕੁਰਸੀ 'ਤੇ ਆਪਣਾ ਹੱਕ ਚਿਤਾਰਦਾ ਹੈ।

ਗਾਂਧੀ ਅਤੇ ਅੰਬੇਡਕਰ ਦੋਨੋਂ ਹੀ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ, ਜਾਤੀਆ ਅਤੇ ਹਿੱਤਾਂ ਨਾਲ ਜੁੜੇ ਹੋਏ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਸਨ। ਉਨ੍ਹਾਂ ਜੋ ਵੀ ਕਿਹਾ ਜਾਂ ਕੀਤਾ, ਉਸ ਦਾ ਸਮਕਾਲੀ ਸਿਆਸਤ ਅਤੇ ਸਮਾਜਿਕ ਦਾਇਰਿਆਂ 'ਤੇ ਡੂੰਘਾ ਅਸਰ ਪਿਆ ਜੋ ਅੱਜ ਵੀ ਜਾਰੀ ਹੈ। ਦੱਬੇ-ਕੁਚਲਿਆ ਨੂੰ ਰਾਜਸੀ ਹਿੱਤਾਂ ਤਹਿਤ ਵੋਟਾਂ ਭਰਮਾਉਣ ਦੇ ਮਨਸੂਬੇ ਨਾਲ ਬਾਬਾ ਸਾਹਿਬ ਦੇ ਹਜ਼ਾਰਾਂ, ਲੱਖਾਂ ਬੁੱਤ ਸਥਾਪਤ ਕੀਤੇ ਗਏ, ਪਰ ਬੁੱਤਾਂ ਨੂੰ ਪੂਜਣ ਤੋਂ ਇਲਾਵਾ ਉਸ ਦੀ ਵਿਚਾਰਧਾਰਾ ਦੇ ਫੈਲਾਅ ਤੇ ਕਾਰਗਰ ਯਤਨ ਨਾ ਕਰਨੇ ਹਾਕਮ ਜਮਾਤਾਂ ਦੀ ਨੀਤ ਤੇ ਨੀਤੀ ਨੂੰ ਨੰਗਾ ਕਰਦੇ ਹਨ। ਵਿਚਾਰਧਾਰਾ ਤੋਂ ਕੋਹਾਂ ਦੂਰ ਰੱਖਦਿਆਂ, ਬੁੱਤਾਂ ਨੂੰ ਮਹਿਜ਼ ਪੂਜਣ ਤੱਕ ਹੀ ਸੀਮਤ ਕੀਤਾ ਗਿਆ।

ਡਾਕਟਰ ਅੰਬੇਡਕਰ ਅਨੁਸਾਰ ਭਾਰਤੀ ਸਮਾਜ ਪੂਰੀ ਤਰ੍ਹਾਂ ਗੈਰ-ਲੋਕਤੰਤਰੀ ਸੀ, ਜਿਸ ਵਿੱਚ ਜਿੱਥੇ ਕਿ ਲੋਕਾਂ ਨੂੰ ਜਮਾਤਾਂ ਅਤੇ ਜਾਤਾਂ ਵਿੱਚ ਉਨ੍ਹਾਂ ਦੀਆਂ ਯੋਗਤਾਵਾਂ , ਬੁੱਧੀ ਜਾਂ ਕੰਮਾਂ ਦੇ ਅਧਾਰ 'ਤੇ ਨਹੀਂ ਵੰਡਿਆ ਗਿਆ, ਬਲਕਿ ਜਨਮ ਦੇ ਅਧਾਰ 'ਤੇ ਵੰਡਿਆ ਗਿਆ ਹੈ।

ਡਾਕਟਰ ਅੰਬੇਡਕਰ ਦਾ ਮੁੱਖ ਮਿਸ਼ਨ ਦੱਬੇ-ਕੁਚਲੇ ਲੋਕਾਂ ਨੂੰ ਉੱਚ ਸਮਾਜਿਕ, ਰਾਜਨੀਤਕ ਪੱਧਰ 'ਤੇ ਲੈ ਕੇ ਆਉਣਾ ਸੀ, ਤਾਂ ਜੋ ਕਿ ਉਨ੍ਹਾਂ ਦੇ ਮੱਥੇ 'ਤੇ ਲੱਗਿਆ ਅਛੂਤਾਂ ਵਾਲਾ ਕਲੰਕ ਧੋਇਆ ਜਾ ਸਕੇ। ਉਹ ਦਲਿਤਾਂ ਨੂੰ ਹਿੰਦੂਆਂ ਦੇ ਬਰਾਰਬਰ ਸਮਾਨਤਾ ਦਿਵਾਉਣ ਦਾ ਹਾਮੀ ਸੀ। ਆਪਣੀਆਂ ਕਿਤਾਬਾਂ ਦੀ ਰੌਸ਼ਨੀ ਨਾਲ ਉਸ ਨੇ ਦੱਬੇ-ਕੁਚਲੇ ਅਛੂਤਾਂ ਵਿੱਚ ਨਵੀਂ ਰੂਹ ਭਰੀ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਕਿਹਾ, 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿਓ ਉਹ ਬਗਾਵਤ ਕਰ ਦੇਣਗੇ।' ਦਲਿਤਾਂ ਨੂੰ ਆਪਣੇ ਹੱਕਾਂ ਵਾਸਤੇ ਲਾਮਬੰਦ ਕਰਨਾ ਆਰੰਭਿਆ।

ਅਛੂਤਾਂ ਵਿੱਚ ਸਵੈਮਾਣ ਦੀ ਮੂਵਮੈਂਟ ਚਲਾਈ। ਦਲਿਤਾਂ ਵਿੱਚ ਏਕੇ ਦੀ ਭਾਵਨਾ ਅਤੇ ਵੋਟ ਦੀ ਸ਼ਕਤੀ ਦਾ ਅਹਿਸਾਸ ਭਰਿਆ। ਦਲਿਤਾਂ ਨੂੰ ਇਕੱਠੇ ਕਰਨ ਉਪਰੰਤ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਅੰਬੇਡਕਰ ਨੇ ਪੜ੍ਹੋ, ਜੁੜੋ, ਸੰਘਰਸ਼ ਕਰੋ' ਦਾ ਨਾਹਰਾ ਦਿੱਤਾ।

ਸਮਾਜ ਸੁਧਾਰ ਦੇ ਕੰਮਾਂ ਤਹਿਤ ਆਪਣੇ ਸ਼ੋਸਿਤ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਦੇ ਮਨੋਰਥ ਨਾਲ ਉਨ੍ਹਾਂ ਵਾਸਤੇ ਸਕੂਲ, ਹੋਸਟਲ, ਲਾਇਬਰ੍ਰੇਰੀਆਂ, ਸਟੇਸ਼ਨਰੀ ਦੀਆਂ ਸਹੂਲਤਾਂ ਪੈਦਾ ਕਰਨ 'ਤੇ ਜ਼ੋਰ ਦਿੱਤਾ ਅਤੇ ਖੁਦ ਕਈ ਸਕੂਲ ਖੁੱਲ੍ਹਵਾਏ। ਇਸ ਤੋਂ ਇਲਾਵਾ ਡਾਕਟਰ ਅੰਬੇਡਕਰ ਨੇ ਦਲਿਤ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਉਹ ਆਪਣੇ ਮਨਾਂ ਵਿੱਚੋਂ ਅਛੂਤ ਹੋਣ ਦਾ ਡਰ ਖਤਮ ਕਰਕੇ ਅੰਤਰ ਜਾਤੀ ਸਮਾਰੋਹਾਂ ਵਿੱਚ ਸ਼ਾਮਲ ਹੋਣ, ਅੰਤਰ-ਜਾਤੀ ਵਿਆਹਾਂ ਦਾ ਸਮਰਥਨ ਕਰਨ ਅਤੇ ਜੇਕਰ ਉਹ ਅਜਿਹਾ ਨਹੀਂ ਕਰ ਸਕਦੇ ਤਾਂ ਉਹ ਹਿੰਦੂ ਸਮਾਜ ਵਿੱਚ ਜਾਤੀਵਾਦ ਦਾ ਟਾਕਰਾ ਨਹੀਂ ਕਰ ਸਕਣਗੇ।

